
ੴ ਸਾਹਿਬੁ ਮੇਰਾ ਏਕੋ ਹੈ

ਸ਼ਬਦ ਗੁਰੂ ਵਿਸ਼ੇਸ਼ ਅੰਕ

# ਆਤੂਨੀ

ਜੂਨ-ਜੁਲਾਈ-1995
ਭੇਟਾ 8 ਰੁਪਏ




**ਵਿਸ਼ੇਸ਼ ਲੇਖ**

* ਰਾਧਾਸਵਾਮੀ ਅਤੇ ਗੁਰਮਤਿ
* ਸ਼ਬਦ ਗੁਰੂ
* ਗੁਰੂ ਮਾਨਿਓ ਗ੍ਰੰਥ
* ਭਗਵਤ ਗੀਤਾ ਦਾ ਸ਼ਬਦ ਸੰਕਲਪ ਤੇ ਬਹੁਜਨ ਸਮਾਜ

ੴ ਸਤਿਗੁਰ ਪ੍ਰਸਾਦਿ ॥
ਬੈਕੁੰਠ ਨਗਰੁ ਜਹਾ ਸੰਤ ਵਾਸਾ ॥

# ਅਜੂਨੀ


ਪੰਜਾਬੀ ਮਾਸਿਕ (ਸ਼ਬਦ ਗੁਰੂ ਵਿਸ਼ੇਸ਼ ਅੰਕ)

ਅੰਕ : ਛੇਵਾਂ | ਮੁੱਲ 8 ਰੁਪਏ | ਜੂਨ-ਜੁਲਾਈ 1995



ਸੰਚਾਲਕ : ਬਾਬਾ ਸਰਬਜੋਤ ਸਿੰਘ ਬੇਦੀ ਊਨਾ ਸਾਹਿਬ

ਸਰਪ੍ਰਸਤ : ਮ.ਮੰ. ਸਵਾਮੀ ਈਸ਼ਵਰ ਦਾਸ ਸ਼ਾਸਤਰੀ ਜਲੰਧਰ, ਸੰਤ ਬਾਬਾ ਤੀਰਥ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ, ਸੰਤ ਬਾਬਾ ਮੱਖਣ ਸਿੰਘ ਅੰਮ੍ਰਿਤਸਰ, ਸੰਤ ਬਾਬਾ ਸੇਵਾ ਸਿੰਘ ਰਾਮਪੁਰ ਖੇੜਾ ।

ਮੁਖ ਸੰਪਾਦਕ : ਪ੍ਰੋ. ਬਲਵਿੰਦਰ ਪਾਲ ਸਿੰਘ, ਸਹਿ ਸੰਪਾਦਕ : ਹਰਜਿੰਦਰ ਕੌਰ

ਕਾਨੂੰਨੀ ਸਲਾਹਕਾਰ : ਸ. ਮਨਿੰਦਰ ਸਿੰਘ ਐਡਵੋਕੇਟ

ਮੁਖ ਸਲਾਹਕਾਰ : ਡਾ. ਰਤਨ ਸਿੰਘ ਜੱਗੀ (ਪਟਿਆਲਾ), ਪ੍ਰਿੰਸੀਪਲ ਵੀਰ ਸਿੰਘ ਰੰਧਾਵਾ (ਨਕੋਦਰ), ਡਾ. ਹਿੰਮਤ ਸਿੰਘ (ਪਟਿਆਲਾ), ਡਾ: ਮਾਨ ਸਿੰਘ ਨਿਰੰਕਾਰੀ (ਅੰਮ੍ਰਿਤਸਰ), ਪ੍ਰੋ. ਹਿੰਮਤ ਸਿੰਘ ਸੋਢੀ (ਅੰਬਾਲਾ) ਡਾ.ਗੁਰਮੁਖ ਸਿੰਘ (ਪਟਿਆਲਾ), ਡਾ. ਹਰਮਿੰਦਰ ਸਿੰਘ ਬੇਦੀ (ਅੰਮ੍ਰਿਤਸਰ), ਡਾ. ਸ਼ਮਸ਼ੇਰ ਸਿੰਘ (ਪਟਿਆਲਾ), ਡਾ.ਮੇਵਾ ਸਿੰਘ ਸਿੱਧੂ (ਪਟਿਆਲਾ), ਡਾ. ਹਰਦੇਵ ਸਿੰਘ ਵਿਰਕ (ਅੰਮ੍ਰਿਤਸਰ), ਪ੍ਰੋ.ਸੁਖਦਿਆਲ ਸਿੰਘ ਹਿਸਟੋਰੀਅਨ (ਪਟਿਆਲਾ), ਡਾ. ਨਿਰਮਲ ਸਿੰਘ ਗਿਲ (ਮੁਹਾਲੀ), ਭਾਈ ਬਲਦੇਵ ਸਿੰਘ ਬੰਬੀਹਾ, ਪ੍ਰੋ. ਹੁਕਮ ਚੰਦ ਰਾਜਪਾਲ (ਪਟਿਆਲਾ), ਪ੍ਰੋ. ਜਸਬੀਰ ਸਿੰਘ ਸਾਬਰ (ਅੰਮ੍ਰਿਤਸਰ), ਪ੍ਰੋ.ਸੁਰਜੀਤ ਸਿੰਘ (ਪਟਿਆਲਾ)


## ਇਸ ਅੰਕ ਵਿਚ


1. ਸੰਪਾਦਕੀ 3
2. ਗੁਰੂ ਮਾਨੀਓ ਗ੍ਰੰਥ 4
3. ਮਾਧੌ ਤੂ ਠਾਕੁਰ ਸਿਰਿ ਮੋਰਾ 12
4. ਖ਼ਾਲਸੇ ਦੀ 300ਵੀਂ ਵਰੇ ਗੰਢ ਕਿਵੇਂ ਮਨਾਈ ਜਾਵੇ 17
5. ਪੁਸਤਕ ਚਰਚਾ 20
6. ਸ਼ਬਦ ਗੁਰੂ 28
7. ਗੁਰਮਤਿ ਵਿਚ ਸਹਿਜਧਾਰੀ ਸਿੱਖਾਂ ਦੀ ਮਹੱਤਤਾ 36
8. ਭਗਵਤ ਗੀਤਾ ਦਾ ਸ਼ਬਦ ਸੰਕਲਪ ਤੇ ਬਹੁਜਨ ਸਮਾਜ 47
9. ਰਾਧਾਸਵਾਮੀ ਅਤੇ ਗੁਰਮਤਿ 52
10. ਡਾ. ਅੰਬੇਦਕਰ ਦੇ ਸਿੱਖ ਨਾ ਬਣ ਸਕਣ ਦੀ ਗਾਥਾ 59
11. ਸਰਗਰਮੀਆਂ 64



ਮਾਲਕ ਅਤੇ ਪ੍ਰਕਾਸ਼ਕ ਬਾਬਾ ਸਰਬਜੋਤ ਸਿੰਘ ਬੇਦੀ, ਮਨਸੂਰਾਂ (ਲੁਧਿਆਣਾ) ਨੇ ਅੰਮ੍ਰਿਤਪ੍ਰੀਤ ਕੰਪਿਊਟਰ ਸਿਸਟਮ, ਭਗਤ ਸਿੰਘ ਚੌਕ, ਜਲੰਧਰ ਅਤੇ ਹਮਦਰਦ ਪ੍ਰਿੰਟਿੰਗ ਪ੍ਰੈਸ, ਜਲੰਧਰ ਤੋਂ ਛਪਵਾ ਕੇ ਦਫਤਰ ਅਜੂਨੀ ਮਨਸੂਰਾਂ (ਲੁਧਿਆਣਾ) ਤੋਂ 11.6.95 ਨੂੰ ਪ੍ਰਕਾਸ਼ਿਤ ਕੀਤਾ।

# ਸੰਪਾਦਕੀ

ਅਜੂਨੀ ਪਤ੍ਰਿਕਾ ਦਾ ਇਹ 5ਵਾਂ ਅੰਕ ਹੈ । ਇਸ ਤੋਂ ਪਹਿਲਾਂ ਅਸੀਂ ਬਾਬਾ ਸਾਹਿਬ ਸਿੰਘ ਜੀ ਬੇਦੀ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਖ਼ਾਲਸੇ ਦੀ ਵਿਸਾਖੀ ਅੰਕ ਪ੍ਰਕਾਸ਼ਿਤ ਕਰ ਚੁੱਕੇ ਹਾਂ ।

ਇਹ ਅੰਕ ਸ਼ਬਦ ਗੁਰੂ ਨਾਲ ਸੰਬੰਧਿਤ ਹੈ । ਵਿਸ਼ਵ ਦੇ ਸਾਰੇ ਧਰਮ ਸ਼ਬਦ ਦੀ ਮਹਾਨਤਾ ਨੂੰ ਥੋੜ੍ਹੇ ਬਹੁਤ ਫ਼ਰਕ ਨਾਲ ਸਵੀਕਾਰ ਕਰਦੇ ਹਨ, ਪਰ ਇਸ ਪਖੋਂ ਸਿੱਖ ਧਰਮ ਵਿਸ਼ੇਸ਼ ਮਹੱਤਵ ਦਾ ਲਖਾਇਕ ਹੈ, ਕਿਉਂਕਿ ਉਹ ਸ਼ਬਦ ਨੂੰ ਗੁਰੂ ਮੰਨ ਕੇ ਪੂਜਦਾ ਹੈ । ਇੱਥੇ ਧਿਆਨਯੋਗ ਗੱਲ ਇਹ ਹੈ ਕਿ ਸਿੱਖ ਉਸੇ ਸ਼ਬਦ ਨੂੰ ਹੀ ਗੁਰੂ ਮੰਨ ਕੇ ਪੂਜਦਾ ਹੈ ਜੋ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਹਨ । ਚਾਹੇ ਉਹ ਸ਼੍ਰੋਮਣੀ ਭਗਤ ਸੰਤ ਬਾਬਾ ਨਾਮਦੇਵ ਜੀ, ਸੰਤ ਕਬੀਰ ਜੀ, ਸੰਤ ਰਵਿਦਾਸ ਜੀ, ਭਗਤ ਧੰਨਾ ਜੀ ਦੇ ਹੋਣ, ਚਾਹੇ ਉਹ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ (ਦਸਮ ਗ੍ਰੰਥ) ਦੇ ਹੋਣ । ਸਿੱਖਾਂ ਦੇ ਪਹਿਲੇ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ 'ਸ਼ਬਦ' ਨੂੰ ਗੁਰੂ ਮੰਨ ਕੇ ਪੂਜਦੇ ਸਨ;

ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ (ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 943)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੇਹ ਵਿਸਰਜਨ ਤੋਂ ਪਹਿਲਾਂ 6 ਅਕਤੂਬਰ 1708 ਈ: ਵਾਲੇ ਦਿਨ ਨਾਦੇੜ ਵਿਖੇ ਸ਼ਬਦ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਪ੍ਰਦਾਨ ਕਰਕੇ ਪ੍ਰਗਟ ਗੁਰਾਂ ਦੀ ਦੇਹ ਸਿਧਾਂਤ ਦੀ ਸਥਾਪਨਾ ਕੀਤੀ ਅਤੇ ਸਿੱਖਾਂ ਨੂੰ ਸ਼ਬਦ ਗੁਰੂ ਦੇ ਸਨਮੁਖ ਕੀਤਾ । ਅੱਜ ਵੀ ਅਸੀਂ ਅਰਦਾਸ ਵਿਚ ਇਹ ਸ਼ਬਦ ਉਚਾਰਨ ਕਰਦੇ ਹਾਂ;

ਸਭ ਸਿਖਿਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ,  
ਗੁਰੂ ਗ੍ਰੰਥ ਜੀ ਮਾਨੀਓ ਪ੍ਰਗਟ ਗੁਰਾਂ ਕੀ ਦੇਹ,  
ਜੋ ਪ੍ਰਭੂ ਕੋ ਮਿਲਬੋ ਹੈ ਖੋਜ ਸ਼ਬਦ ਮਹਿ ਲੇਹ ।

ਇਸ ਵੇਲੇ ਸਿੱਖ ਭਾਈਚਾਰਾ ਆਪਣੇ ਕਲਚਰ ਨਾਲ ਟੁਟ ਰਿਹਾ ਹੈ, ਉਸ ਦੀ ਸੋਚ ਪਦਾਰਥ, ਹਉਮੈਂ ਅਤੇ ਬਿਪਰਨ ਸੰਸਕਾਰਾਂ ਨਾਲ ਜੁੜ ਰਹੀ ਹੈ । ਨਤੀਜੇ ਵਜੋਂ ਸਿੱਖ ਧਰਮ ਦੇ ਵਿਸ਼ੇਸ਼ ਅੰਗ ਸਹਿਜਧਾਰੀ, ਦਲਿਤ, ਉਦਾਸੀ, ਅਤੇ ਬੰਦਈ ਸਿੱਖ ਧਰਮ ਤੋਂ ਟੁੱਟ ਰਹੇ ਹਨ । ਇਸ ਪਿੱਛੇ ਕਾਰਣ ਇਹ ਹੈ ਕਿ ਅਸੀਂ ਸ਼ਬਦ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਨੂੰ ਨਹੀਂ ਅਪਨਾਇਆ । ਸਾਡੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਸ਼ਬਦ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਜਿੰਨਾ ਚਿਰ ਤੱਕ ਅਸੀਂ ਆਪਣੇ ਆਪ ਨੂੰ ਸ਼ਬਦ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਅਨੁਸਾਰ ਨਹੀਂ ਢਾਲਦੇ, ਉਨ੍ਹਾਂ ਚਿਰ ਤੱਕ ਸਿੱਖ ਕੌਮ ਦਾ ਕੁੱਝ ਵੀ ਨਹੀਂ ਬਣ ਸਕਦਾ । ਸ਼ਬਦ ਗੁਰੂ ਦੀ ਚੇਤਨਾ ਨੂੰ ਸਿੱਖ ਧਰਮ ਤੇ ਬਹੁਜਨ ਸਮਾਜ ਦੇ ਲੋਕਾਂ ਤੱਕ ਲੈ ਕੇ ਜਾਣਾ ਅਜੂਨੀ ਪ੍ਰਤਿਕਾ ਦਾ ਉਦੇਸ਼ ਹੈ । ਮੈਂ ਆਸ ਰੱਖਦਾ ਹਾਂ ਕਿ ਇਹ ਅੰਕ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਵਾਲਿਆਂ ਨੂੰ ਏਕਤਾ ਦੇ ਸੰਦੇਸ਼ ਨਾਲ ਜੋੜੇਗਾ ।

ਬਲਵਿੰਦਰ ਪਾਲ ਸਿੰਘ (ਪ੍ਰੋ:)  
16-ਨਿਊ ਵਿਜੇ ਨਗਰ  
ਝੰਡੀਆਂ ਵਾਲੇ ਪੀਰ ਦੇ ਪਿੱਛੇ  
ਜਲੰਧਰ ਸ਼ਹਿਰ ।

ਡਾ. ਜਸਪਾਲ ਸਿੰਘ, ਜਲੰਧਰ

ਅਗਿਆਨਤਾ ਦੇ ਹਨੇਰੇ ਕਰਕੇ ਵਹਿਮਾਂ ਭਰਮਾਂ, ਕਰਮਕਾਡਾਂ, ਰਸਮਾਂ ਰਿਵਾਜਾਂ, ਪਾਪ ਕਰਮਾਂ ਤੇ ਭੇਖਾਂ ਵਿਚ ਫਸੀ ਹੋਈ ਲੋਕਾਈ ਨੂੰ ਸੱਚ ਧਰਮ ਦੀ ਸੂਝ ਦੇਣ ਲਈ, ਜੀਵਨ ਦਾ ਸਹੀ ਮਾਰਗ ਦਰਸ਼ਨ ਕਰਨ ਲਈ ਧੰਨ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਹੋਇਆ। ਜਗਤ ਜਲੰਦੇ ਨੂੰ ਤਾਰਨ ਲਈ ਪ੍ਰਭੂ ਪਿਤਾ ਦਾ ਨਿਰਮਲ ਗਿਆਨ ਤੇ ਸਿਫਤ ਸਲਾਹ ਨੂੰ ਗੁਰੂ ਨਾਨਕ ਸਾਹਿਬ ਨੇ ਕਾਵਿ ਰੂਪ ਵਿਚ ਉਚਾਰਣ ਕੀਤਾ, ਜਿਸ ਨੂੰ ਸ਼ਬਦ ਜਾਂ ਗੁਰਬਾਣੀ ਕਿਹਾ ਜਾਂਦਾ ਹੈ।

ਸਾਧਾਰਣ ਬਾਣੀ, ਕਾਵਿ ਅਤੇ ਗੁਰਬਾਣੀ ਵਿਚ ਇਕ ਵੱਡਾ ਫਰਕ ਇਹ ਹੈ ਕਿ ਸਾਧਾਰਣ ਬਾਣੀ ਜਾਂ ਕਾਵਿ ਉੱਚ ਆਤਮਿਕ ਮੰਡਲ ਵਿਚ ਬੈਠ ਕੇ ਨਹੀਂ ਲਿਖੀ ਹੁੰਦੀ। ਉਹ ਗਿਆਨ ਤਾਂ ਹੁੰਦਾ ਹੈ, ਪਰ ਕਰਤਾ ਦਾ ਜੀਵਨ ਜਾਂ ਆਚਰਣ ਉਸ ਦੇ ਪਿੱਛੇ ਨਹੀਂ ਹੁੰਦਾ। ਗੁਰਬਾਣੀ ਉਹ ਪਵਿੱਤਰ ਰਚਨਾ ਹੈ, ਜਿਸ ਦੇ ਪਿੱਛੇ ਸਤਿਗੁਰਾਂ ਦਾ ਸ਼ਾਨਦਾਰ ਜੀਵਨ ਅਤੇ ਉੱਚ ਆਚਰਣ ਕੰਮ ਕਰਦਾ ਹੈ। ਸਤਿਗੁਰਾਂ ਦੇ ਹਿਰਦੇ ਵਿਚ ਜੋ ਸੱਚਾਈ ਪ੍ਰਗਟ ਹੋਈ, ਉਹ ਉਨ੍ਹਾਂ ਨੇ ਪੁਸਤਕਾਂ, ਆਚਰਯਾਂ, ਰਵਾਇਤੀ ਧਰਮਾਂ ਆਦਿ ਤੇ ਚਲ ਕੇ ਪ੍ਰਾਪਤ ਨਹੀਂ ਕੀਤੀ, ਸਗੋਂ ਨਿੱਜ ਅਨੁਭਵ, ਅਮਲੀ ਜੀਵਨ, ਵਾਹਿਗੁਰੂ ਤੇ ਉਸ ਦੀ ਰਚਨਾ ਨਾਲ ਇਕਮਿਕ ਹੋ ਕੇ ਕੀਤੀ ਹੈ। ਗੁਰੂ ਰਾਮਦਾਸ ਪਾਤਸ਼ਾਹ ਜੀ ਬਚਨ ਕਰਦੇ ਹਨ;

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ,
ਹਰਿ ਕਰਤਾ ਆਪਿ ਮੁਹਹੁ ਕਢਾਏ ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 308)

ਇਹ ਬਾਣੀ ਨਿਰੰਕਾਰ ਦੀ ਬਖਸ਼ਿਸ਼ ਹੈ। ਉਸ ਦਾ ਆਪਾ ਸਰੂਪ ਹੈ, ਜੋ ਉਸ ਨੇ ਗੁਰੂ ਸਾਹਿਬਾਂ ਦੇ ਪਵਿੱਤਰ ਮੁਖ ਤੋਂ ਪ੍ਰਗਟ ਕੀਤਾ ਹੈ। ਗੁਰੂ ਨਾਨਕ ਸਾਹਿਬ ਦੇ ਬਚਨ ਹਨ:

ਜੈਸੀ ਮੈ ਆਵੈ ਖਸਮ ਕੀ ਬਾਣੀ,
ਤੈਸੜਾ ਕਰੀ ਗਿਆਨੁ ਵੇ ਲਾਲੋ ॥ (ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 722)

**ਸ੍ਰੀ ਗੁਰੂ ਗ੍ਰੰਥ ਸਾਹਿਬ :-** ਗੁਰਬਾਣੀ ਦਾ ਸੰਚਯ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਦੁਨੀਆਂ ਦੇ ਇਤਿਹਾਸ ਵਿਚ ਇਹ ਇਕ ਅਸਚਰਜ ਰਚਨਾ ਹੈ।

ਮੈਕਾਲਿਫ ਲਿਖਦਾ ਹੈ- 'ਸਿੱਖ ਧਰਮ' ਜਿੱਥੋਂ ਤੱਕ ਇਸ ਦੇ ਮੁਖ ਸਿਧਾਂਤਾਂ ਦਾ ਸੰਬੰਧ ਹੈ, ਦੂਸਰੇ ਲੱਗਭੱਗ ਸਾਰੇ ਵੱਡੇ ਧਰਮਾਂ ਦੇ ਸਿਧਾਂਤਾਂ ਨਾਲ ਬਹੁਤ ਭੇਦ ਰੱਖਦਾ ਹੈ। ਸੰਸਾਰ ਵਿਚ ਜੋ ਵੱਡੇ-ਵੱਡੇ ਧਰਮ ਪ੍ਰਚਾਰਕ ਹੋਏ ਹਨ, ਉਨ੍ਹਾਂ ਵਿਚੋਂ ਕੋਈ ਵੀ ਆਪਣੀ ਲਿਖੀ ਹੋਈ ਇਕ ਪੰਗਤੀ ਵੀ ਪਿੱਛੇ ਨਹੀਂ ਛੱਡ ਗਿਆ। ਜੋ ਕੁਝ ਉਨ੍ਹਾਂ ਨੇ ਪ੍ਰਚਾਰਿਆ ਹੈ, ਉਸ ਦਾ ਪਤਾ ਸਾਨੂੰ ਜਾਂ ਤਾਂ ਪ੍ਰਚਲਿਤ ਰਵਾਇਤਾਂ ਤੋਂ ਲੱਗਦਾ ਹੈ ਜਾਂ ਹੋਰਨਾਂ ਦੀਆਂ ਲਿਖਤਾ ਤੋਂ। ਫੈਸਾ ਗੋਰਸ ਨੇ ਜੋ ਕੋਈ ਸਿਧਾਂਤ ਲਿਖੇ ਹਨ, ਉਹ ਸਾਡੇ ਤੱਕ ਨਹੀਂ ਪਹੁੰਚੇ। ਸੁਕਰਾਤ ਦੀ ਸਿੱਖਿਆ ਦਾ ਪਤਾ ਸਾਨੂੰ ਕੇਵਲ ਅਫਲਾਤੂਨ ਤੇ ਜ਼ੇਨਾਫਿਨ ਦੀਆਂ ਲਿਖਤਾਂ ਤੋਂ ਹੀ ਲੱਗਦਾ ਹੈ। ਬੁੱਧ ਆਪਣੀ ਸਿੱਖਿਆ ਦੀ ਯਾਦ ਆਪਣੀ ਕਿਸੇ ਲਿਖਤ ਵਿਚ ਨਹੀਂ ਛੱਡ ਗਿਆ। ਪੱਛਮੀ ਲੋਕ ਜਿਸ ਨੂੰ

ਕਨਫਊਸ਼ਸ ਕਹਿੰਦੇ ਹਨ, ਆਪਣੇ ਪਿੱਛੇ ਆਪਣੇ ਸਾਮਾਜਿਕ ਅਤੇ ਇਖਲਾਕੀ ਸਿਧਾਂਤਾਂ ਬਾਰੇ ਕੋਈ ਲਿਖਤ ਨਹੀਂ ਛੱਡ ਗਿਆ। ਈਸਾਈਅਤ ਦੇ ਬਾਨੀ (ਈਸਾ) ਨੇ ਵੀ ਆਪਣੇ ਸਿਧਾਂਤਾਂ ਨੂੰ ਕਿਸੇ ਲਿਖਤ ਵਿਚ ਪੇਸ਼ ਨਹੀਂ ਕੀਤਾ। ਉਨ੍ਹਾਂ ਸੰਬੰਧੀ ਵੀ ਸਾਨੂੰ ਮੈਥਿਉ, ਮਾਰਕ, ਲੂਕਾ ਅਤੇ ਜੌਹਨ ਦੀਆਂ ਲਿਖਤਾਂ ਤੇ ਹੀ ਭਰੋਸਾ ਕਰਨਾ ਪੈਂਦਾ ਹੈ। ਅਰਬ ਦੇ ਪੈਗੰਬਰ (ਮੁਹੰਮਦ) ਨੇ ਵੀ ਕੁਰਾਨ ਦੇ ਸਿਪਾਰਿਆਂ ਨੂੰ ਆਪਣੀ ਕਲਮ ਨਾਲ ਨਹੀਂ ਲਿਖਿਆ, ਸਗੋਂ ਉਹ ਉਸ ਦੇ ਖਲੀਫਿਆਂ ਜਾਂ ਨਾਮਲੇਵਿਆਂ ਨੇ ਹੀ ਲਿਖਿਆ ਜਾਂ ਇਕੱਤਰ ਕੀਤਾ ਹੈ, ਪਰੰਤੂ ਸਿੱਖ ਗੁਰੂਆਂ ਦੀ ਬਾਣੀ ਉਨ੍ਹਾਂ ਦੀ ਆਪਣੀ ਲਿਖੀ ਹੋਈ ਮਿਲਦੀ ਹੈ। ਜੋ ਕੁਝ ਸਿੱਖਿਆ ਉਨ੍ਹਾਂ ਨੇ ਦਿੱਤੀ ਹੈ, ਉਸ ਦਾ ਪਤਾ ਸਾਨੂੰ ਉਨ੍ਹਾਂ ਦੀ ਆਪਣੀ ਲਿਖਤ ਤੋਂ ਹੀ ਲੱਗਦਾ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਨੀ :**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬੀੜ ਦੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਕੀਤੀ। ਪਹਿਲੀ ਬੀੜ ਜਿਸ ਦੇ ਲਿਖਾਰੀ ਭਾਈ ਗੁਰਦਾਸ ਜੀ ਸਨ, 15 ਅਗਸਤ, 1604 ਨੂੰ ਸੰਪੂਰਨ ਹੋਈ ਸੀ। ਇਸ ਆਦਿ ਬੀੜ ਦਾ ਪਹਿਲਾ ਪ੍ਰਕਾਸ਼ 30 ਅਗਸਤ, ਸੰਨ 1604 ਨੂੰ ਹੋਇਆ ਸੀ ਤੇ ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਨਿਯੁਕਤ ਕੀਤਾ ਗਿਆ। ਸ੍ਰੀ ਹਰਮਿੰਦਰ ਸਾਹਿਬ ਅੰਦਰ ਇਸ ਬੀੜ ਦਾ ਪ੍ਰਕਾਸ਼ ਕੀਤਾ ਗਿਆ। ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਸੰਪੂਰਨ ਹੋਣ ਤੇ ਇਸ ਖਜ਼ਾਨੇ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ਼ਾਮਿਲ ਕਰ ਕੇ ਸਦਾ ਲਈ ਗੁਰਗੱਦੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁਸ਼ੋਭਿਤ ਕਰ ਦਿੱਤਾ ਤੇ ਆਪਣਾ ਆਪ ਖ਼ਾਲਸੇ ਵਿਚ ਅਭੇਦ ਕਰ ਦਿੱਤਾ।

**ਗੁਰੂ ਗ੍ਰੰਥ ਸਾਹਿਬ ਜੀ ਦੀ ਤਰਤੀਬ:** ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਛੇ ਗੁਰੂ ਸਾਹਿਬਾਂ, ਪੰਦਰਾਂ ਭਗਤਾਂ, ਗਿਆਰਾਂ ਭੱਟਾਂ ਅਤੇ ਚਾਰ ਹੋਰ ਸਤਿ ਪੁਰਖਾਂ ਦੀ ਬਾਣੀ ਦਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਕੁੱਲ ਗਿਣਤੀ 31 ਹੈ। ਪਹਿਲਾ ਰਾਗ ਸਿਰੀ ਰਾਗ ਹੈ ਅਤੇ ਅੰਤਲਾ ਜੈਜੈਵੰਤੀ ਹੈ। ਧੁਨੀਆਂ 9 ਹਨ ਜੋ ਵਾਰਾਂ ਉੱਤੇ ਦਰਜ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੁਲ 5898 ਸ਼ਬਦ ਦਰਜ ਹਨ, ਜਿਨ੍ਹਾਂ ਵਿਚੋਂ 937 ਭਗਤਾਂ ਅਤੇ ਸਤਿਪੁਰਸ਼ਾਂ ਦੇ ਹਨ। ਭਗਤਾਂ ਤੋਂ ਬਿਨਾਂ ਰਾਮਕਲੀ ਰਾਗ ਵਿਚ ਸੁੰਦਰ ਜੀ ਦਾ 'ਸਦੁ' ਹੈ, ਜਿਸ ਦੇ 6 ਪਦ ਹਨ। ਇਹ ਗੁਰੂ ਅਮਰਦਾਸ ਜੀ ਮਹਾਰਾਜ ਜੀ ਦੇ ਅੰਤਿਮ ਸਮੇਂ ਦੇ ਬਚਨ ਹਨ। ਮੂਲ ਮੰਤਰ, ਜਪੁ ਜੀ, ਰਹਰਾਸਿ ਤੇ ਸੋਹਿਲਾ ਸਾਹਿਬ ਦੀ ਬਾਣੀ ਤੇ ਅਗਾਂਹ ਬਾਣੀ ਰਾਗਾਂ ਅਨੁਸਾਰ ਦਰਜ ਹੈ। ਰਾਗਾਂ ਤੋਂ ਬਾਅਦ, ਸਹਸਕ੍ਰਿਤੀ ਸਲੋਕ, ਗਾਥਾ, ਫੁਨਹੇ, ਚਉਬਲੇ ਦਰਜ ਹਨ। ਫਿਰ ਭਗਤ ਕਬੀਰ ਜੀ ਅਤੇ ਫ਼ਰੀਦ ਜੀ ਦੇ ਸਲੋਕ ਦਰਜ ਹਨ। ਇਸ ਤੋਂ ਉਪਰੰਤ ਸਵਯੇ ਸ੍ਰੀ ਮੁਖਵਾਕ ਮ: 5 ਤੇ ਫਿਰ ਭੱਟਾਂ ਦੇ ਸਵੱਯੇ, ਫਿਰ ਵਾਰਾਂ ਤੇ ਵਧੀਕ, ਮਹਲੇ ਨਾਵੇਂ ਦੇ ਸਲੋਕ, ਮੁੰਦਾਵਨੀ, ਸਲੋਕ ਮ: 5 ਅਤੇ ਰਾਗ ਮਾਲਾ।

**ਰਾਗਾਂ ਵਿਚ ਬਾਣੀ ਦੀ ਤਰਤੀਬ:** ਹਰੇਕ ਰਾਗ ਵਿਚ ਬਾਣੀ ਦੀ ਤਰਤੀਬ ਆਮ ਤੌਰ ਤੇ ਇਉਂ ਹੈ:- ਸ਼ਬਦ, ਅਸ਼ਟਪਦੀਆਂ, ਛੰਤ, ਵਾਰ ਅਤੇ ਭਗਤਾਂ ਦੇ ਸ਼ਬਦ।

ਇਹ ਸ਼ਬਦ, ਅਸਟਪਦੀਆਂ ਆਦਿਕ ਵੀ ਖਾਸ ਕ੍ਰਮ ਅਨੁਸਾਰ ਹਨ, ਪਹਿਲਾਂ ਗੁਰੂ ਨਾਨਕ ਸਾਹਿਬ ਜੀ ਦੇ, ਫਿਰ ਗੁਰੂ ਅਮਰਦਾਸ ਜੀ ਦੇ, ਗੁਰੂ ਰਾਮਦਾਸ ਜੀ ਅਤੇ ਅਖੀਰ ਗੁਰੂ ਅਰਜਨ ਦੇਵ ਜੀ ਦੇ। ਸ੍ਰੀ ਗੁਰੂ ਅੰਗਦ ਸਾਹਿਬ ਜੀ ਦੇ ਸ਼ਬਦ ਨਹੀਂ ਹਨ, ਸਿਰਫ ਸਲੋਕ ਹੀ ਹਨ। ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਬਦ ਨਹੀਂ ਹਨ। ਸਿਰਫ਼ ਸਲੋਕ ਹੀ ਹਨ। ਗੁਰੂ ਤੇਗ

ਬਹਾਦਰ ਸਾਹਿਬ ਜੀ ਦੇ ਸ਼ਬਦ ਜਿਸ ਰਾਗ ਵਿਚ ਹਨ, ਉੱਥੇ ਉਹ ਕ੍ਰਮ ਅਨੁਸਾਰ ਗੁਰੂ ਅਰਜਨ ਸਾਹਿਬ ਜੀ ਦੇ ਸ਼ਬਦਾਂ ਤੋਂ ਪਿੱਛੇ ਦਰਜ ਹਨ।

**ਬੀੜਾਂ ਦਾ ਸੰਖੇਪ ਵੇਰਵਾ :** ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਤਨ ਤਿੰਨ ਬੀੜਾਂ ਹਨ।

**1. ਕਰਤਾਰਪੁਰ ਵਾਲੀ ਬੀੜ :** ਸਭ ਤੋਂ ਪਹਿਲੀ ਉਹ ਬੀੜ ਹੈ ਜੋ ਪੰਚਮ ਪਾਤਸ਼ਾਹ ਨੇ ਸ੍ਰੀ ਰਾਮਸਰ ਬੈਠ ਕੇ ਭਾਈ ਗੁਰਦਾਸ ਜੀ ਪਾਸੋਂ ਲਿਖਵਾਈ। ਇਸ ਦਾ ਮੂਲਮੰਤਰ ਸਤਿਗੁਰਾਂ ਨੇ ਆਪ ਲਿਖਿਆ ਹੈ। ਇਸ ਨੂੰ ਕਰਤਾਰਪੁਰ ਵਾਲੀ ਬੀੜ ਕਹਿੰਦੇ ਹਨ। ਇਸ ਵਿਚ 5751 ਸ਼ਬਦ ਦਰਜ ਹਨ। ਇਸ ਦੇ ਪੱਤਰੇ 975 ਹਨ। ਇਸ ਦੇ ਪੰਨਾ 542 ਤੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਦਸਖਤ ਹਨ। ਇਹ ਧੀਰਮਲ ਦੀ ਸੰਤਾਨ ਪਾਸ ਹੈ।

**ਭਾਈ ਬੰਨੋ ਜੀ ਵਾਲੀ ਬੀੜ :**

ਇਹ ਬੀੜ ਸੰਮਤ 1661 ਵਿਚ ਭਾਈ ਬੰਨੋ ਜੀ ਨੇ ਲਿਖੀ ਤੇ ਹੁਣ ਇਹ ਬੀੜ ਕਾਨ੍ਹਪੁਰ ਹੈ।

**ਦਮਦਮੇ ਵਾਲੀ ਬੀੜ :**

ਸੰਮਤ 1762-63 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਵਿਖੇ ਜਿਸ ਬੀੜ ਦੀ ਰਚਨਾ ਕਰਵਾਈ, ਉਹ ਭਾਈ ਮਨੀ ਸਿੰਘ ਜੀ ਨੇ ਲਿਖੀ ਤੇ ਬਾਬਾ ਦੀਪ ਸਿੰਘ ਜੀ ਨੇ ਨਾਲ ਤਿਆਰੀ ਕਰਵਾਈ। ਅੱਜ ਕਲ੍ਹ ਜੋ ਪਾਵਨ ਬੀੜਾਂ ਪ੍ਰਚਲਿਤ ਹਨ, ਇਹ ਦਮਦਮੇ ਵਾਲੀ ਬੀੜ ਦਾ ਉਤਾਰਾ ਹਨ ਤੇ ਇਸੇ ਪਾਵਨ ਸਰੂਪ ਨੂੰ ਕਲਗੀਧਰ ਪਾਤਸਾਹ ਨੇ ਗੁਰਗੱਦੀ ਬਖਸ਼ਿਸ਼ ਕੀਤੀ।

ਇਸ ਤੋਂ ਇਲਾਵਾ ਵੀ ਕਈ ਹਸਤ ਲਿਖਤ ਬੀੜਾਂ ਦੇ ਦਰਸ਼ਨ ਹੁੰਦੇ ਹਨ, ਪਰ ਮੁਖ ਰੂਪ ਵਿਚ ਇਹ ਤਿੰਨ ਤਰ੍ਹਾਂ ਦੀਆਂ ਬੀੜਾਂ ਹੀ ਪ੍ਰਚਲਿਤ ਹਨ।

**ਬੋਲੀਆਂ ਦੀ ਵਰਤੋਂ :**

ਗੁਰਬਾਣੀ ਵਿਚ ਪ੍ਰਧਾਨ ਪੁਰਾਣੀ ਪੰਜਾਬੀ ਅਤੇ ਸੰਤ ਭਾਸ਼ਾ ਹੈ। ਪ੍ਰਾਕ੍ਰਿਤ ਅਤੇ ਹਿੰਦੀ ਦੀ ਵਰਤੋਂ ਕਾਫੀ ਕੀਤੀ ਗਈ ਹੈ। ਇਸ ਤੋਂ ਬਿਨਾਂ ਅਣਗਿਣਤ ਸ਼ਬਦ ਸੰਸਕ੍ਰਿਤ ਅਤੇ ਭਾਰਤ ਦੀਆਂ ਪ੍ਰਾਂਤਿਕ ਬੋਲੀਆਂ ਦੇ ਹਨ। ਵਿਦੇਸ਼ੀ ਬੋਲੀਆ ਵਿਚ ਅਰਬੀ ਅਤੇ ਫਾਰਸੀ ਦੇ ਬਹੁਤ ਸਾਰੇ ਸ਼ਬਦ ਮਿਲਦੇ ਹਨ।

ਮਜਹਬਾਂ ਵਿਚ ਜੋ ਪੁਰਾਣਾ ਵਹਿਮ ਸੀ ਕਿ ਰੱਬ ਦਾ ਗਿਆਨ ਸੰਸਕ੍ਰਿਤ,ਇਬਰਾਨੀ ਜਾਂ ਅਰਬੀ ਵਿਚ ਹੀ ਨਾਜ਼ਲ ਹੋਇਆ, ਇਸ ਨੂੰ ਸਤਿਗੁਰੂ ਨੇ ਪ੍ਰਵਾਨ ਨਹੀਂ ਕੀਤਾ। ਇਹ ਗੱਲ ਬੜੇ ਸ਼ੋਕ ਨਾਲ ਕਹਿਣੀ ਪੈਂਦੀ ਹੈ ਕਿ ਜਿਸ ਬਾਣੀ ਦਾ ਉਪਦੇਸ਼ ਸਾਰੇ ਜਗਤ ਨੂੰ ਦਿੱਤਾ ਗਿਆ,ਜਿਸ ਵਿਚ ਬੋਲੀਆਂ ਦੀ ਕੋਈ ਪਾਬੰਦੀ ਨਹੀਂ ਕੀਤੀ ਗਈ,ਉਹ ਬਾਣੀ ਪੰਜਾਬੀ ਜਾਂ ਇਕ ਦੋ ਹੋਰ ਬੋਲੀਆਂ ਵਿਚ ਹੀ ਮਿਲਦੀ ਹੈ। ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਅੰਗਰੇਜ਼ੀ ਵਿਚ ਹੋਇਆ ਹੈ। ਸਾਡੀ ਰਾਇ ਹੈ ਕਿ ਮੂਲ ਨੂੰ ਕਾਇਮ ਰੱਖ ਕੇ ਦੁਨੀਆਂ ਵਿਚ ਗੁਰਬਾਣੀ ਦੇ ਅਨੁਵਾਦ ਹੋਣੇ ਚਾਹੀਦੇ ਹਨ ਤਾਂ ਹੀ ਸਿੱਖੀ ਪ੍ਰਫੁਲਿਤ ਹੋ ਸਕੇਗੀ ।

**ਪੁਰਾਣੇ ਮਜਹਬੀ ਤੇ ਰਾਜਨੀਤਿਕ ਪ੍ਰਭਾਵਾਂ ਤੋਂ ਉੱਚੀ ਬਾਣੀ :**

ਅਗਿਆਨਤਾ ਕਰਕੇ ਕਈ ਆਦਮੀ ਗੁਰਬਾਣੀ ਨੂੰ ਵੇਦਾਂਤ ਦੀ ਰੋਸ਼ਨੀ ਵਿਚ ਲੈਂਦੇ ਹਨ। ਕਈ ਸੂਫੀ ਮਤ ਤੇ ਇਸਲਾਮ ਦੀ ਰੋਸ਼ਨੀ ਵਿਚ ਲੈਂਦੇ ਹਨ । ਹਕੀਕਤ ਇਹ ਹੈ ਕਿ ਗੁਰੂ ਸਾਹਿਬ

ਨੇ ਆਪਣੇ ਸੁਤੰਤਰ ਵਿਚਾਰ ਦਿੱਤੇ ਹਨ। ਪੁਰਾਣੇ ਮਜ਼ਹਬੀ ਅਸੂਲਾਂ ਨੂੰ ਨਹੀਂ ਕਬੂਲਿਆ ।

ਸ੍ਰੀ ਗੁਰੂ ਅਮਰਦਾਸ ਜੀ ਨੂੰ ਪੰਡਤਾਂ ਨੇ ਇਕ ਮੁਕਾਮ ਤੇ ਪ੍ਰਸ਼ਨ ਕੀਤਾ–ਜਦ ਵੇਦ ਤੇ ਹੋਰ ਪੁਰਾਤਨ ਗ੍ਰੰਥ ਮੌਜੂਦ ਹਨ, ਫਿਰ ਗੁਰਬਾਣੀ ਲਿਖਣ ਦੀ ਕੀ ਲੋੜ ਹੈ। ਗੁਰੂ ਜੀ ਨੇ ਉੱਤਰ ਦਿੱਤਾ–

ਜੈਸੀ ਧਰਤੀ ਊਪਰਿ ਮੇਘੁਲਾ ਬਰਸਤੁ ਹੈ,
ਕਿਆ ਧਰਤੀ ਮਧੇ ਪਾਣੀ ਨਾਹੀ ॥
ਜੈਸੇ ਧਰਤੀ ਮਧੇ ਪਾਣੀ ਪਰਗਾਸਿਆ,
ਬਿਨੁ ਪਗਾ ਵਰਸਤ ਫਿਰਾਹੀ ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 162)

ਭਾਵ ਪੁਰਾਤਨ ਧਰਮ ਗ੍ਰੰਥ ਧਰਤੀ ਦੇ ਜਲ ਦੀ ਤਰ੍ਹਾਂ ਹਨ, ਜਿਸ ਤੋਂ ਲਾਭ ਲੈਣ ਲਈ ਸਖ਼ਤ ਮਿਹਨਤ ਦੀ ਜ਼ਰੂਰਤ ਹੈ, ਪਰ ਗੁਰਬਾਣੀ ਮੀਂਹ ਦੇ ਜਲ ਦੀ ਤਰ੍ਹਾਂ ਹੈ, ਜੋ ਸਭ ਤੇ ਬਰਾਬਰ ਵਰਸਦੀ ਹੈ ਤੇ ਸਾਰਿਆਂ ਨੂੰ ਇਕੱਠੇ ਜੀਅ ਦਾਨ ਦਿੰਦੀ ਹੈ।

**ਗੁਰਬਾਣੀ ਦੀ ਮਹਾਨਤਾ, ਸ਼ੁਧ ਪਾਠ ਤੇ ਵੀਚਾਰ:**

ਸਤਿਗੁਰਾਂ ਨੇ ਗੁਰਬਾਣੀ ਦੀ ਜੋ ਮਹਾਨਤਾ ਦੱਸੀ ਹੈ ਅਤੇ ਸਤਿਕਾਰ ਕੀਤਾ ਹੈ, ਇਸ ਸੰਬੰਧੀ ਇਤਿਹਾਸ 'ਚੋਂ ਕੁਝ ਕੁ ਸਾਖੀਆਂ ਪੇਸ਼ ਹਨ। ਸਿਧਾਂ ਨੇ ਗੁਰੂ ਨਾਨਕ ਸਾਹਿਬ ਨੂੰ ਪੁੱਛਿਆ– ਕੋਈ ਕਰਾਮਾਤ ਵਿਖਾਓ ।

ਹਜ਼ੂਰ ਨੇ ਉੱਤਰ ਦਿੱਤਾ–ਗੁਰਬਾਣੀ ਤੇ ਸੰਗਤ ਤੋਂ ਬਿਨਾਂ ਸਾਨੂੰ ਕਿਸੇ ਦੀ ਵੀ ਟੇਕ ਨਹੀਂ। ਸਾਡੇ ਪਾਸ ਇਹ ਦੋ ਵੱਡੀਆਂ ਕਰਾਮਾਤਾਂ ਹਨ ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦਾ ਬਹੁਤ ਸਤਿਕਾਰ ਕੀਤਾ । ਆਪ ਥੱਲੇ ਬਿਰਾਜਦੇ ਸਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਲੰਘ ਤੇ ਬਿਰਾਜਮਾਨ ਕਰਦੇ ਸਨ।

ਦੋ ਸਿੱਖ ਸਤਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਰਾਇ ਜੀ ਦੇ ਦਰਸ਼ਨ ਕਰਨ ਆਏ। ਜਦੋਂ ਉਹ ਦਰਬਾਰ ਵਿਚ ਪਹੁੰਚੇ ਤਾਂ ਗੁਰੂ ਸਾਹਿਬ ਬਿਰਾਜੇ ਹੋਏ ਸਨ। ਦੋਵੇਂ ਸਿੱਖ ਬੜਾ ਚੰਗਾ ਕੀਰਤਨ ਕਰਦੇ ਸਨ। ਗੁਰੂ ਸਾਹਿਬ ਉਨ੍ਹਾਂ ਦਾ ਕੀਰਤਨ ਸ੍ਰਵਣ ਕਰ ਕੇ ਛੇਤੀ ਨਾਲ ਉੱਠੇ ਤਾਂ ਚੋਟ ਲੱਗ ਗਈ, ਜੋ ਦਾਸਾਂ ਨੇ ਵੇਖੀ ਤੇ ਮਲਣ ਲੱਗ ਪਏ।

ਸਿੱਖਾਂ ਨੇ ਬੇਨਤੀ ਕੀਤੀ, ਸੱਚੇ ਪਾਤਸ਼ਾਹ! ਆਪ ਇਤਨੀ ਕਾਹਲੀ ਵਿਚ ਕਿਉਂ ਜਾਗ ਪਏ ਅਤੇ ਉਠ ਕੇ ਤੁਰੇ, ਜਿਸ ਕਰ ਕੇ ਆਪ ਜੀ ਨੂੰ ਚੋਟ ਲੱਗ ਗਈ ਤਾਂ ਗੁਰੂ ਸਾਹਿਬ ਬੋਲੇ–

ਜੋ ਗੁਰ ਭਗਤ ਸਿਖ ਹੈ ਮੇਰਾ,
ਗੁਰਬਾਣੀ ਭੈ ਤਿਸੈ ਘਨੇਰਾ ।
ਜਿਸ ਭੈ ਬਾਣੀ ਅਦਬ ਨ ਧਾਰਾ,
ਜਾਨਹੁ, ਸੋ ਸਿਖ ਨਹੀਂ ਹਮਾਰਾ।

ਭਾਵ ਗੁਰਬਾਣੀ ਦੀ ਭਉ ਭਾਵਨੀ ਹਿਰਦੇ ਵਿਚ ਰੱਖਣੀ ਹੈ। ਜਿਹੜਾ ਗੁਰਬਾਣੀ ਦਾ ਸਤਿਕਾਰ ਨਹੀਂ ਕਰਦਾ ਉਹ ਮੇਰਾ ਸਿੱਖ ਹੀ ਨਹੀਂ।

**ਬਾਣੀ ਪੜ੍ਹਣ ਦੀਆਂ ਤਿੰਨ ਹਾਲਤਾਂ:**

(1) ਸ਼ੁੱਧ ਪਾਠ (2) ਅਰਥ ਬੋਧ (3) ਬਾਣੀ ਰੂਪ ਹੋਣਾ

(1) ਸ਼ੁੱਧ ਪਾਠ: ਸ਼ੁੱਧ ਪਾਠ ਕਰਨਾ ਜਾਂ ਸੁਣਨਾ ਪਹਿਲੀ ਪਉੜੀ ਹੈ। ਇਸ ਦਾ ਬੜਾ ਮਹਾਤਮ ਹੈ। ਗੁਰਬਾਣੀ ਦੇ ਪਾਠ ਨਾਲ ਮਾਨਸਿਕ ਮੰਡਲ ਸ਼ੁੱਧ ਹੁੰਦਾ ਹੈ ਤੇ ਮਨ ਨੂੰ ਸ਼ਾਂਤੀ ਮਿਲਦੀ ਹੈ। ਗੁਰਬਾਣੀ ਉਤਮ ਵਿਚਾਰਾਂ ਦਾ ਭੰਡਾਰ ਹੈ। ਜਿੱਥੇ ਇਸ ਦਾ ਪਾਠ ਹੋਵੇਗਾ ਉਹ ਹਿਰਦਾ ਪਵਿੱਤਰ ਹੋਵੇਗਾ, ਪਰ ਨਿਰਾ ਪਾਠ ਤੇ ਨਹੀਂ ਟਿਕਣਾ, ਇਸ ਨੂੰ ਫੋਕਾ ਕਰਮ ਕਾਂਡ ਜਾਂ ਰਸਮ ਨਹੀਂ ਬਣਾ ਛੱਡਣੀ, ਸਗੋਂ ਇਸ ਤੋਂ ਲਾਹਾ ਲੈਣਾ ਹੈ।

(2) ਅਰਥ ਬੋਧ: ਅਗਰ ਅਸੀਂ ਪਾਠ ਕਰਨ ਲੱਗਿਆਂ ਗੁਰਬਾਣੀ ਦੇ ਅਰਥਾਂ ਵੱਲ ਧਿਆਨ ਦੇਵਾਂਗੇ ਤਾਂ ਇਕ ਤਾਂ ਸਾਡਾ ਮਨ ਭਟਕੇਗਾ ਨਹੀਂ, ਦੂਸਰਾ ਗੁਰੂ ਸਾਹਿਬਾਂ ਦੇ ਹੁਕਮਾਂ, ਪ੍ਰਭੂ ਦੀਆਂ ਵਡਿਆਈਆਂ ਤੇ ਸੱਚ ਦੀ ਸੂਝ ਹੋਵੇਗੀ। ਜਿਵੇਂ ਜਮਾਤ ਵਿਚ ਬੈਠੇ ਵਿਦਿਆਰਥੀ ਨੂੰ ਆਪਣੇ ਅਧਿਆਪਕ ਦਾ ਕਿਹਾ ਸਮਝਣ ਦੀ ਜ਼ਰੂਰਤ ਹੈ, ਉਸੇ ਤਰ੍ਹਾਂ ਸ਼ਬਦ ਗੁਰੂ ਦੀ ਹਰ ਗੱਲ ਸਾਨੂੰ ਸਮਝ ਆਉਣੀ ਜ਼ਰੂਰੀ ਹੈ ।

(3) ਗੁਰਬਾਣੀ ਰੂਪ ਹੋ ਜਾਣਾ: ਇਸ ਦਾ ਅਰਥ ਹੈ ਸ਼ਬਦ ਵਿਚ ਹੁਕਮ ਨੂੰ ਸਮਝ ਕੇ ਆਪਣੇ ਅਮਲੀ ਜੀਵਨ ਅੰਦਰ ਇਸ ਦੀ ਕਮਾਈ ਕਰਨੀ ਭਾਵ ਆਪਣੇ ਕਰਮਾਂ ਨੂੰ, ਆਪਣੀ ਸੋਚਣੀ ਨੂੰ, ਆਪਣੇ ਵਿਚਾਰਾਂ ਨੂੰ, ਗੁਰਬਾਣੀ ਅਨੁਸਾਰ ਢਾਲਣਾ। ਇਹ ਸਾਡੀ ਮੰਜ਼ਿਲ ਹੈ। ਸਿੱਖੀ ਦੀ ਸੰਪੂਰਣਤਾ ਹੈ। ਇਸ ਤੋਂ ਬਿਨਾਂ ਹਰ ਵਿਅਕਤੀ ਅਧੂਰਾ ਹੈ, ਜੋ ਪ੍ਰਭੂ ਦਰਗਾਹ ਵਿਚ ਪਰਵਾਨ ਨਹੀਂ ਹੋ ਸਕਦਾ । ਪਹਿਲੀਆਂ ਦੋ ਅਵਸਥਾਵਾਂ ਇਸ ਮੰਜ਼ਿਲ ਤੱਕ ਪਹੁੰਚਣ ਲਈ ਪਉੜੀ ਰੂਪ ਹਨ।

**ਬਾਣੀ ਗੁਰੂ ਗੁਰੂ ਹੈ ਬਾਣੀ:**

ਦਸਾਂ ਹੀ ਜਾਮਿਆਂ ਅੰਦਰ ਗੁਰੂ ਨਾਨਕ ਸਾਹਿਬ ਜੀ ਨੇ ਗੁਰਸਿੱਖ ਨੂੰ ਸ਼ਖਸੀ ਪੂਜਾ ਦੀ ਬਜਾਇ ਗੁਰ ਸ਼ਬਦ ਅਨੁਸਾਰ ਜੀਵਨ ਢਾਲਣ ਉੱਤੇ ਜ਼ੋਰ ਦਿੱਤਾ। ਗੁਰੂ ਨਾਨਕ ਸਾਹਿਬ ਜੀ ਨੂੰ ਜਦੋਂ ਸੰਗਤਾਂ ਕੁਝ ਦੇਰ ਹੋਰ ਆਪਣੇ ਨਗਰ ਵਿਚ ਰੁਕਣ ਲਈ ਕਹਿੰਦੀਆਂ ਹਨ ਤਾਂ ਗੁਰੂ ਨਾਨਕ ਸਾਹਿਬ ਜੀ ਇਕ ਬਚਨ ਆਖਦੇ—ਸ਼ਬਦ ਮੇਰਾ ਅਸਲ ਰੂਪ ਹੈ। ਸ਼ਬਦ ਦਾ ਪੱਲਾ ਪਕੜੋ। ਸਰੀਰਾਂ ਦਾ ਸਾਥ ਸੀਮਿਤ ਹੈ। ਭਵਜਲ ਸਾਗਰ ਤੋਂ ਸ਼ਬਦ ਨੇ ਪਾਰ ਲੰਘਾਉਣਾ ਹੈ। ਇਸ ਤਰ੍ਹਾਂ ਸ਼ਬਦ ਨਾਲ ਜੋੜ ਕੇ ਆਪ ਅਗਾਂਹ ਚਾਲੇ ਪਾ ਦਿੰਦੇ ਹਨ। ਗੁਰੂ ਅਰਜਨ ਸਾਹਿਬ ਜੀ ਨੇ ਆਦਿ ਬੀੜ ਦਾ ਪ੍ਰਕਾਸ਼ ਕਰ ਕੇ ਆਉਣ ਵਾਲੇ ਸਮੇਂ ਵਿਚ ਗੁਰਗੱਦੀ ਸ਼ਬਦ ਨੂੰ ਦੇਣ ਦਾ ਸੰਕੇਤ ਪਹਿਲਾਂ ਹੀ ਦੇ ਦਿੱਤਾ ਸੀ। ਗੁਰੂ ਰਾਮਦਾਸ ਪਾਤਸ਼ਾਹ ਜੀ ਨੇ ਸਪੱਸ਼ਟ ਬਚਨ ਕੀਤੇ ਹਨ—

ਬਾਣੀ ਗੁਰੂ ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 982)

ਜਿਸ ਗੱਲ ਨੂੰ ਗੁਰੂ ਸਾਹਿਬ ਆਪਣੇ ਜੀਵਨ ਕਾਲ ਦੌਰਾਨ ਲਗਾਤਾਰ ਦ੍ਰਿੜ ਕਰਵਾਉਂਦੇ ਰਹੇ, ਉਹ ਗੱਲ ਭੁਲ ਕੇ ਅੱਜ ਕਈ ਸੱਜਨ ਸ਼ਬਦ ਦਾ ਪੱਲਾ ਛੱਡ ਕੇ ਮੁੜ ਦੇਹਧਾਰੀਆਂ ਦੇ ਮਗਰ ਮਗਰ ਫਿਰਦੇ ਹਨ। ਕਈ ਵਿਅਕਤੀ ਇਹ ਦਲੀਲ ਦਿੰਦੇ ਹਨ ਕਿ ਦੇਹਧਾਰੀ ਬੋਲ ਕੇ ਸਮਝਾਉਂਦਾ ਹੈ, ਬਾਣੀ ਬੋਲਦੀ ਨਹੀਂ। ਇਹ ਦਲੀਲ ਬਿਲ[illegible] ਹਲਕੀ ਹੈ ,ਇਸ ਵਿਚ ਕੋਈ ਵਜਨ ਨਹੀਂ, ਕਿਉਂਕਿ ਬਾਣੀ ਤਾਂ ਹੈ ਸੱਚੇ ਪਾਤਸ਼ਾਹ ਦੇ ਬੋਲ। ਕੋਈ ਵੀ ਗੱਲ ਸਮਝਣੀ ਹੋਵੇ, ਉਹ ਜਾਂ ਕੰਨਾਂ ਨਾਲ ਸੁਣ ਕੇ ਜਾਂ ਅੱਖਾਂ ਨਾਲ ਪੜ੍ਹ ਕੇ ਸਮਝ ਵਾਲੀ ਥਾਂ ਤੇ ਪਹੁੰਚ ਜਾਂਦੀ ਹੈ। ਲਿਖੀ ਹੋਈ ਬਾਣੀ ਜੇ ਅੱਖਾਂ ਦੁਆਰਾ ਪੜ੍ਹੀਏ ਤਾਂ ਉਸ ਦਾ ਭਾਵ ਅੰਦਰ ਪੁੱਜ ਜਾਵੇਗਾ,

ਜਿਵੇਂ ਕਿ ਕੰਨਾਂ ਦੁਆਰਾ ਸੁਨਣ ਨਾਲ । ਫਿਰ ਬਾਣੀ ਬੋਲਦੀ ਹੋਈ ਕਿ ਨਾ?

ਜੇ ਕੋਈ ਵਿਅਕਤੀ ਅਨਪੜ੍ਹ ਹੈ ਜਾਂ ਬਾਣੀ ਦੇ ਅਰਥ ਭਾਵ ਵਿਆਖਿਆ ਆਪਣੇ ਆਪ ਨਹੀਂ ਸਮਝ ਸਕਦਾ ਤਾਂ ਉਸ ਨੂੰ ਬਾਣੀ ਦੇ ਅਰਥ ਸੁਣਾਉਣ ਵਾਲਾ, ਜਾਂ ਵਿਆਖਿਆ ਕਰਕੇ ਸਮਝਾਉਣ ਵਾਲਾ ਕੋਈ ਸੰਤ ਜਾਂ ਗੁਰਸਿੱਖ ਪ੍ਰਚਾਰਕ ਜਾਂ ਸਤਸੰਗੀ ਤਾਂ ਅਖਵਾ ਸਕਦਾ ਹੈ, ਪਰ ਉਹ ਗੁਰੂ ਨਹੀਂ ਹੋ ਸਕਦਾ। ਕਾਲਜਾਂ ਤੇ ਸਕੂਲਾਂ ਵਿਚ ਵੱਡੇ ਵੱਡੇ ਵਿਦਵਾਨਾਂ ਦੇ ਸਿਧਾਂਤ ਸਮਝਾਉਣ ਵਾਲੇ ਅਧਿਆਪਕ ਤੇ ਪ੍ਰੋਫੈਸਰ ਉਨ੍ਹਾਂ ਖੋਜੀਆਂ ਦੀ ਪਦਵੀ ਨਹੀਂ ਲੈ ਸਕਦੇ, ਜਿਨ੍ਹਾਂ ਦੀਆਂ ਪੁਸਤਕਾਂ, ਉਹ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਤੇ ਸਮਝਾਉਂਦੇ ਹਨ। ਕਾਲੀਦਾਸ ਤੇ ਸ਼ੈਕਸਪੀਅਰ ਦੀ ਰਚਨਾ ਪੜ੍ਹਾਉਣ ਵਾਲੇ ਕਾਲੀਦਾਸ ਤੇ ਸ਼ੈਕਸਪੀਅਰ ਦੀ ਪਦਵੀ ਕਿੰਝ ਲੈ ਸਕਦੇ ਹਨ? ਜਿਵੇਂ ਕਿ ਪਰਦੇਸ ਗਏ ਪਤੀ ਦਾ ਅਨਪੜ੍ਹ ਇਸਤਰੀ ਵੱਲ ਖਤ ਪੁੱਜਦਾ ਹੈ, ਉਹ ਉਸ ਖਤ ਨੂੰ ਪੜ੍ਹੇ ਹੋਏ ਪਾਸ ਲੈ ਜਾਂਦੀ ਹੈ । ਕੀ ਪਤੀ ਦੀ ਪਦਵੀ ਉਸ ਨੂੰ ਦਿੱਤੀ ਜਾ ਸਕਦੀ ਹੈ ? ਹਰਗਿਜ਼ ਨਹੀਂ ! ਜ਼ਰਾ ਠਹਿਰੋ ਤੇ ਸੋਚੋ। ਅੱਜ ਫਿਰ ਲੋਕਾਈ ਭੁਲੇਖੇ ਵਿਚ ਪੈ ਰਹੀ ਹੈ। ਜੁਗੋ ਜੁਗੋ ਅਟਲ ਸ਼ਬਦ ਗੁਰੂ ਦਾ ਆਸਰਾ ਛੱਡ ਕੇ ਕਿਸੇ ਮਨੁੱਖ ਨੂੰ ਗੁਰੂ ਧਾਰਨ ਕਰਨਾ ਸਿਆਣਪ ਨਹੀਂ ਹੈ। ਆਉ ਗੁਰੂ ਨਾਨਕ ਸਾਹਿਬ ਜੀ ਦੇ ਬਚਨਾਂ ਨੂੰ ਹਿਰਦੇ ਵਿਚ ਵਸਾਈਏ ;

ਸਬਦੁ ਗੁਰ ਪੀਰਾ ਗਹਿਰ ਗੰਭੀਰਾ, ਬਿਨੁ ਸਬਦੈ ਜਗੁ ਬਉਰਾਨੰ ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 635)

ਭਾਵ ਸ਼ਬਦ ਜੋ ਬ੍ਰਹਮ ਤੋਂ ਆਇਆ ਹੈ, ਇਹ ਹੀ ਗੁਰੂ ਹੈ। ਇਹ ਹੀ ਪੀਰ ਹੈ। ਇਹ ਸ਼ਬਦ ਗਹਿਰ ਗੰਭੀਰ ਹੈ। ਇਸ ਸ਼ਬਦ ਬਿਨਾਂ ਜੱਗ ਮਾਇਆ ਵਿਚ ਕਮਲਾ ਹੋਇਆ ਫਿਰਦਾ ਹੈ।

ਸਤਿਗੁਰੂ ਕੀ ਸੰਗਤ, ਪੰਥ ਰੂਪ ਵਿਚ ਗੁਰੂ ਦਾ ਸਰੀਰ ਹੈ। ਸ਼ਬਦ ਨੂੰ ਪ੍ਰਚਾਰਨਾ, ਸ਼ਬਦ ਦੇ ਲੜ ਲਗਾਉਣਾ, ਸੰਸਾਰ ਵਿਚ ਸ਼ਬਦ ਸਿਧਾਂਤ ਨੂੰ ਲਾਗੂ ਕਰਾਉਣਾ, ਅਧਰਮ ਦਾ ਨਾਸ਼ ਤੇ ਧਰਮੀਆਂ ਦੀ ਰੱਖਿਆ ਕਰਨੀ ਇਹ ਸ਼ਕਤੀ ਸ਼ਬਦ ਦੀ ਅਗਵਾਈ ਵਿਚ ਤੁਰ ਰਹੇ ਪੰਥ (ਸੰਗਤ) ਪਾਸ ਹੈ, ਜਿਸ ਵਿਚੋਂ ਪੰਜਾਂ ਦੀ ਚੋਣ ਕੀਤੀ ਜਾਂਦੀ ਹੈ। ਕਿਸੇ ਇਕ ਵਿਅਕਤੀ ਕੋਲ ਕੋਈ ਅਧਿਕਾਰ ਨਹੀਂ। ਸਤਿਗੁਰੂ ਦੀ ਆਤਮਾ ਸ਼ਬਦ (ਗ੍ਰੰਥ) ਵਿਚ ਤੇ ਸਰੀਰ ਪੰਥ ਵਿਚ ਹੈ। ਇਹ ਹੀ ਸਿੱਖੀ ਦੀ ਨਿਆਰੀ ਜੁਗਤਿ ਹੈ।

**ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ:** ਜੁਗੋ ਜੁਗੋ ਅਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਮੁਖ ਰੱਖ ਕੇ ਹੇਠ ਲਿਖੇ ਵਿਚਾਰਾਂ ਨੂੰ ਦਿਲ ਵਿਚ ਬਿਠਾਈਏ:

(1) ਗੁਰਮਤਿ ਸਮਾਗਮ (ਦੀਵਾਨ) ਜਿੱਥੇ ਵੀ ਕੀਤਾ ਜਾਏ ਉੱਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਤੋਂ ਪਹਿਲਾਂ ਇਹ ਵਿਸ਼ੇਸ਼ ਧਿਆਨ ਰੱਖਣਾ ਜ਼ਰੂਰੀ ਹੈ ਕਿ ਉਹ ਅਸਥਾਨ ਗੁਰੂ ਸਾਹਿਬ ਦੇ ਸਤਿਕਾਰ ਤੇ ਸ਼ਾਨ ਦੇ ਅਨੁਕੂਲ ਹੋਵੇ। ਹੋਟਲਾਂ ਵਿਚ, ਬਾਜ਼ਾਰਾਂ ਵਿਚ, ਗੰਦੇ ਪਲਾਟਾਂ ਵਿਚ, ਤੰਗ ਤੇ ਭੀੜੀਆਂ ਥਾਵਾਂ ਤੇ ਪ੍ਰਕਾਸ਼ ਕਰਨਾ ਗੁਰੂ ਗ੍ਰੰਥ ਸਾਹਿਬ ਦੀ ਘੋਰ ਬੇਅਦਬੀ ਹੈ।

(2) ਕਿਸੇ ਵੀ ਪ੍ਰਾਣੀ ਦਾ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਸੰਗਤ ਵਿਚ ਗਦੇਲਾ ਆਸਣ, ਕੁਰਸੀ, ਚੌਂਕੀ, ਮੰਜਾ ਆਦਿ ਲਾ ਕੇ ਬੈਠਣਾ ਜਾਂ ਕਿਸੇ ਹੋਰ ਵਿਤਕਰੇ ਨਾਲ ਬੈਠਣਾ ਮਨਮਤਿ ਹੈ।

(3) ਜੇਕਰ ਘਰ ਵਿਚ ਪ੍ਰਕਾਸ਼ ਕਰਨਾ ਹੋਵੇ ਤਾਂ ਕਮਰਾ ਸਾਫ਼ ਸੁਥਰਾ, ਚੰਗਾ ਤੇ ਨਿਵੇਕਲਾ ਹੋਣਾ ਚਾਹੀਦਾ ਹੈ, ਜਿਸ ਵਿਚ ਕੋਈ ਘਰੋਗੀ ਜਾਂ ਹੋਰ ਬੇਲੋੜੀ ਵਸਤੂ ਨਹੀਂ ਹੋਣੀ ਚਾਹੀਦੀ ।

(4) ਪ੍ਰਕਾਸ਼ ਵਾਲੇ ਅਸਥਾਨ ਉਪਰ ਚੰਦੋਆ ਸਜਾਉਣਾ ਜ਼ਰੂਰੀ ਹੈ। ਗੁਰੂ ਸਾਹਿਬ ਵਾਸਤੇ ਚੌਰ ਨੂੰ, ਬੀੜ ਦੇ ਨਾਲ ਇਕ ਵਖਰੀ ਚੌਕੀ ਤੇ ਰੱਖਿਆ ਜਾਵੇ, ਨਾ ਕਿ ਮੰਜੀ ਸਾਹਿਬ ਦੇ ਉਪਰ ਜਾਂ ਹੇਠਾਂ।

(5) ਰੁਮਾਲੇ ਨੂੰ ਪੱਤਰਿਆਂ ਵਿਚ ਨਹੀਂ ਦੇਣਾ ਚਾਹੀਦਾ, ਕਿਉਂਕਿ ਇਸ ਤਰ੍ਹਾਂ ਕਈ ਵਾਰ ਪੱਤਰੇ ਮੁੜ ਕੇ ਫਟ ਸਕਦੇ ਹਨ। ਪਾਠ ਕਰਨ ਸਮੇਂ ਮੰਜੀ ਸਾਹਿਬ ਉਪਰ ਬਾਹਵਾਂ ਦੀ ਟੇਕ ਜਾਂ ਢਾਸਣਾ ਲਾਉਣਾ ਯੋਗ ਨਹੀਂ। ਪਾਠ ਕਰਨ ਸਮੇਂ ਬੀੜ ਵਿਚ ਕਾਗਜ਼ ਦੀਆਂ ਨਿਸ਼ਾਨੀਆਂ ਰੱਖਣ ਦੀ ਬਜਾਇ ਇਸ ਕੰਮ ਲਈ ਨੋਟ ਬੁੱਕ ਮੰਜੀ ਸਾਹਿਬ ਦੇ ਹੇਠਾਂ ਜਾਂ ਜੇਬ ਵਿਚ ਰੱਖੀ ਜਾ ਸਕਦੀ ਹੈ।

(6) ਦੀਵਾਨ ਦੀ ਸਮਾਪਤੀ ਤੇ ਸੁਖ ਆਸਨ ਕਰ ਕੇ ਮਹਾਰਾਜ ਦੀ ਸਵਾਰੀ ਨੂੰ ਸਤਿਕਾਰ ਨਾਲ ਨਿਜ ਅਸਥਾਨ ਤੇ ਪਹੁੰਚਾਇਆ ਜਾਏ, ਫਿਰ ਸੰਗਤ ਆਪਣੇ ਆਪਣੇ ਘਰਾਂ ਜਾਂ ਕੰਮਾਂ ਕਾਜਾਂ ਨੂੰ ਜਾਏ।

(7) ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਇਕ ਥਾਂ ਤੋਂ ਦੂਜੀ ਥਾਂ ਲਿਜਾਣ ਲਈ ਘੱਟੋ ਘੱਟ ਪੰਜ ਸਿੰਘ ਨਾਲ ਹੋਣੇ ਜ਼ਰੂਰੀ ਹਨ।

(8) ਗੁਰਬਾਣੀ ਦੇ ਗੁਟਕੇ, ਪੋਥੀਆਂ ਜਾਂ ਉਹ ਕਾਗਜ਼ ਜਿਨ੍ਹਾਂ ਤੇ ਗੁਰਬਾਣੀ ਲਿਖੀ ਹੋਵੇ, ਮੰਦੀ ਥਾਂ ਤੇ ਨਹੀਂ ਰੱਖਣੇ ਚਾਹੀਦੇ। ਗੁਟਕਿਆਂ ਤੇ ਪੋਥੀਆਂ ਨੂੰ ਰੁਮਾਲਿਆਂ ਵਿਚ ਸਾਂਭ ਕੇ ਰੱਖਣਾ ਚਾਹੀਦਾ ਹੈ ।

**ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰਨ ਸਤਿਕਾਰ ਕੀ ਹੈ?**

ਗੁਰੂ ਗ੍ਰੰਥ ਸਾਹਿਬ ਜੀ ਵਾਸਤੇ ਕੀਮਤੀ ਰੁਮਾਲੇ ਚੜ੍ਹਾ ਦੇਵੇ, ਮਾਇਆ ਅਰਪਣ ਕਰ ਦੇਣੀ, ਚੰਦੋਆ ਤਾਣ ਦੇਣਾ, ਆਲੀਸ਼ਾਨ ਕਮਰੇ ਬਣਵਾ ਦੇਣੇ ਆਦਿ, ਇਹ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਹਰਮੁਖੀ ਸਤਿਕਾਰ ਦਾ ਇਕ ਹਿੱਸਾ ਜ਼ਰੂਰ ਹੈ, ਪਰ ਪੂਰਨ ਸਤਿਕਾਰ ਨਹੀਂ । ਜਿਵੇਂ ਬਾਂਹ ਆਦਿ ਸਰੀਰ ਦਾ ਇਕ ਹਿੱਸਾ ਹੈ, ਪਰ ਸੰਪੂਰਨ ਸਰੀਰ ਨਹੀਂ। ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰਨ ਸਤਿਕਾਰ ਕੀ ਹੈ ? ਗੁਰੂ ਗ੍ਰੰਥ ਸਾਹਿਬ ਜੀ ਦੀ ਗੱਲ ਨੂੰ ਮੰਨ ਲੈਣਾ, ਹੁਕਮ ਨੂੰ ਮੰਨ ਲੈਣਾ;

ਸੇਵਕ ਸਿਖ ਪੂਜਣ ਸਭਿ ਆਵਹਿ,<br>
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥<br>
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ,<br>
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 669)

ਭਾਵ ਸਾਰੇ ਹੀ ਸੇਵਕ ਸਿੱਖ ਸਤਿਗੁਰੂ ਦੀ ਬਾਣੀ ਗਾਉਂਦੇ, ਸੁਣਦੇ ਹਨ। ਪਰ ਇਹ ਗਾਈ ਸੁਣੀ ਬਾਣੀ ਥਾਇ ਤਾਂ ਪੈਂਦੀ ਹੈ, ਜਦੋਂ ਇਸ ਵਿਚ ਆਏ ਹੋਏ ਹੁਕਮਾਂ ਨੂੰ ਅਸੀਂ ਸਤਿ ਸਤਿ ਕਰ ਕੇ ਮੰਨ ਲੈਂਦੇ ਹਾਂ ।

ਇਸ ਕਰਕੇ ਜਿੱਥੇ ਅਸੀਂ ਵਧੀਆ ਬਸਤਰ, ਕੀਮਤੀ ਰੁਮਾਲੇ, ਆਲੀਸ਼ਾਨ ਪਾਲਕੀਆਂ

ਵਿਚ ਵਧੀਆ ਚੰਦੋਏ ਹੇਠ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਕਰੀਏ, ਉੱਥੇ ਗੁਰੂ ਹੁਕਮਾਂ ਨੂੰ ਮੰਨ ਕੇ, ਜੀਵਨ ਵਿਚ ਧਾਰਨ ਕਰ ਕੇ, ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰਨ ਸਤਿਕਾਰ ਕਰਨ ਦੇ ਪਾਤਰ ਬਣੀਏ ।

**ਸਾਡਾ ਫਰਜ਼:**

ਧੁਰ ਕੀ ਬਾਣੀ ਦਾ ਇਕ ਇਕ ਸ਼ਬਦ ਕੀਮਤੀ ਰਤਨ ਦੇ ਸਮਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਨ੍ਹਾਂ ਰਤਨਾਂ ਨਾਲ ਭਰਪੂਰ ਸਾਗਰ ਦੀ ਨਿਆਂਈ ਹਨ ।

ਗੁਰ ਸਾਗਰ ਰਤਨੀ ਭਰਪੂਰੇ

ਜਿਵੇਂ ਸਾਗਰ ਵਿਚੋਂ ਮੋਤੀ ਤੇ ਹੀਰੇ ਕੱਢਣ ਲਈ ਟੁੱਭੀ ਮਾਰਣੀ ਪੈਂਦੀ ਹੈ, ਇਵੇਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ ਆਤਮਿਕ ਗਿਆਨ ਤੇ ਸਦੀਵੀ ਸੁਖਾਂ ਦੇ ਖ਼ਜ਼ਾਨੇ, ਸ਼ਬਦ ਜਾਂ ਨਾਮ ਦੀ ਪ੍ਰਾਪਤੀ ਲਈ ਸਾਨੂੰ ਧੁਰ ਕੀ ਬਾਣੀ ਦੇ ਪਾਠ, ਵੀਚਾਰ ਤੇ ਅਮਲ ਦੀ ਜ਼ਰੂਰਤ ਹੈ। ਇਹ ਰਤਨਾਂ ਦਾ ਖ਼ਜ਼ਾਨਾ ਦਸ ਗੁਰੂ ਸਾਹਿਬਾਂ ਦੀ ਅਣਥੱਕ ਘਾਲ ਤੇ ਤਿਆਗ ਦਾ ਸਿੱਟਾ ਹੈ। ਜਿਵੇਂ ਕੋਈ ਬਾਪ ਆਪਣੀ ਔਲਾਦ ਲਈ ਦੁਨਿਆਵੀ ਦੌਲਤ ਇਕੱਤਰ ਕਰ ਕੇ ਦੇ ਜਾਂਦਾ ਹੈ, ਇਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੀ ਸਾਡੇ ਬਾਪ (ਗੁਰੂ ਸਾਹਿਬ) ਦੀ ਕਮਾਈ ਹੈ, ਜਿਹੜੀ ਬੜੀ ਮਿਹਨਤ ਨਾਲ ਇਕੱਤਰ ਕੀਤੀ ਗਈ ਹੈ । ਜੇ ਅਸੀਂ ਸੱਚਾ ਸੁੱਖ ਤੇ ਆਤਮਿਕ ਤ੍ਰਿਪਤੀ ਪ੍ਰਾਪਤ ਕਰਨੀ ਹੈ ਤਾਂ ਇਸ ਖ਼ਜ਼ਾਨੇ ਨੂੰ ਖੋਲੀਏ। ਇਸ ਨੂੰ ਵਰਤੀਏ, ਜੀਵਨ ਵਿਚ ਘਟਾਈਏ ਤੇ ਸਮੁੱਚੇ ਜਗਤ ਤੱਕ ਇਹ ਆਤਮਿਕ ਦੌਲਤ ਵੰਡੀਏ ਤਾਂ ਹੀ ਅਸੀਂ ਸਤਿਗੁਰੂ ਦੇ ਸਚੇ ਸਿੱਖ ਅਖਵਾ ਸਕਦੇ ਹਾਂ ।

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥ ਤਾ ਮੇਰੈ ਮਨਿ ਭਇਆ ਨਿਧਾਨਾ॥
ਰਤਨ ਲਾਲ ਜਾ ਕਾ ਕਛੂ ਨ ਮੋਲੁ॥ ਭਰੇ ਭੰਡਾਰ ਅਖੂਟ ਅਤੋਲ॥
ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥
ਕਹੁ ਨਾਨਕ ਜਿਸ ਮਸਤਕਿ ਲੇਖੁ ਲਿਖਾਇ॥ ਸੁ ਏਤੁ ਖਜਾਨੈ ਲਇਆ ਰਲਾਇ ॥
(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 186)

****


**ਨੋਟ : ਵਪਾਰਕ ਇਸ਼ਤਿਹਾਰ ਦੇਣ ਸੰਬੰਧੀ ਖਰਚੇ ਦਾ ਵੇਰਵਾ ਇਸ ਤਰ੍ਹਾਂ ਹੈ ।**

| | |
|---|---|
| ਫੁੱਲ ਚਾਰ ਕਲਰ ਇਸ਼ਤਿਹਾਰ | 4000 ਰੁਪਏ । |
| ਫੁੱਲ ਸਿੰਘਲ ਕਲਰ ਇਸ਼ਤਿਹਾਰ | 1100 ਰੁਪਏ । |
| ਮੈਗਜ਼ੀਨ ਦਾ ਸਲਾਨਾ ਚੰਦਾ | 90 ਰੁਪਏ |
| ਵਿਦੇਸ਼ਾਂ ਲਈ | 30 ਪੌਂਡ ਜਾਂ |
| | 50 ਡਾਲਰ ਹੋਵੇਗਾ |

# ਮਾਧੌ ਤੂ ਠਾਕੁਰੁ ਸਿਰਿ ਮੋਰਾ

ਡਾ. ਮੇਵਾ ਸਿੰਘ ਸਿੱਧੂ ਪਟਿਆਲਾ

ਸੋਰਠਿ ਮਹਲਾ 5 ਘਰੁ 2॥
ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ॥
ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ॥੧॥
ਮਾਧੌ ਤੂ ਠਾਕੁਰੁ ਸਿਰਿ ਮੋਰਾ॥
ਈਹਾ ਊਹਾ ਤੁਹਾਰੋ ਧੋਰਾ॥ ਰਹਾਉ॥
ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣ ਜਾਨੈ॥
ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ ਭਾਨੈ॥ ੨ ॥
ਖਿਨ ਮਹਿ ਅਵਰੁ ਖਿਨੈ ਮਹਿ ਅਵਰਾ ਅਚਰਜ ਚਲਤ ਤੁਮਾਰੇ॥
ਰੂੜੋ ਗੂੜੋ ਗਹਿਰ ਗੰਭੀਰੋ ਊਚੌ ਅਗਮ ਅਪਾਰੇ॥ ੩ ॥
ਸਾਧਸੰਗਿ ਜਉ ਤੁਮਹਿ ਮਿਲਾਇਓ ਤਉ ਸੁਨੀ ਤੁਮਾਰੀ ਬਾਣੀ॥
ਅਨਦੁ ਭਇਆ ਪੇਖਤ ਹੀ ਨਾਨਕ ਪ੍ਰਤਾਪ ਪੁਰਖ ਨਿਰਬਾਣੀ ॥ ੪ ॥
(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 613)

ਵਿਅਕਤੀਗਤ ਅਤੇ ਸਮਾਜਕ ਵਿਕਾਸ ਅਤੇ ਉਤਮ ਪ੍ਰਾਪਤੀ ਲਈ ਗੁਰਬਾਣੀ ਵਿਚ ਧਰਮ, ਧਰਮ ਚੇਤਨਾ ਅਤੇ ਧਰਮ ਸਾਧਨਾ ਦਾ ਜੋ ਸਰੂਪ ਸਾਕਾਰ ਹੋਇਆ ਹੈ ,ਉਸ ਦੀ ਪਵਿੱਤਰਤਾ, ਗੰਭੀਰਤਾ ਅਤੇ ਵਿਸ਼ਾਲਤਾ ਦੀਆਂ ਸਾਰੀਆਂ ਰੇਖਾਵਾਂ ਤਾਂ ਇਕ ਪਾਸੇ ਕੁਛ ਇਕ ਪ੍ਰਮੁਖ ਰੇਖਾਵਾਂ ਦੇ ਅਰਥ ਤੇ ਗੌਰਵ ਨੂੰ ਸਪੱਸ਼ਟ ਕਰਨ ਲਈ ਜਿੰਨੀ ਸਮਰਥਾ ਅਤੇ ਸਮੇਂ ਦੀ ਲੋੜ ਹੈ, ਉਹ ਤਾਂ ਵਰਤਮਾਨ ਸਥਿਤੀ ਵਿਚ ਸੰਭਵ ਨਹੀਂ। ਮੋਟੇ ਤੌਰ ਤੇ ਗੁਰਬਾਣੀ ਦੁਆਰਾ ਪੇਸ਼ ਧਰਮ ਦੇ ਮੰਤਵ ਅਤੇ ਪ੍ਰਯੋਜਨ ਨੂੰ ਸੰਖੇਪ ਵਿਚ ਇਉਂ ਸਪੱਸ਼ਟ ਕੀਤਾ ਜਾ ਸਕਦਾ ਹੈ ਕਿ ਧਾਰਮਿਕ ਚੇਤਨਾ ਅਤੇ ਧਾਰਮਿਕ ਵਿਸ਼ਵਾਸ, ਜਿਵੇਂ ਗੁਰਬਾਣੀ ਵਿਚ ਉਪਲਬਧ ਹਨ, ਮਾਨਵ ਮਾਤਰ ਨੂੰ ਇਹ ਉਪਦੇਸ਼ ਦਿੰਦੇ ਹਨ ਕਿ ਦ੍ਰਿਸ਼ਟਮਾਨ ਪਸਾਰੇ ਦਾ ਸਿਰਜਹਾਰ, ਸੰਚਾਲਕ ਅਤੇ ਸੰਭਾਲਣਹਾਰ ਪਰਮ ਪੁਰਖ ਹੈ। ਵਿਸ਼ਵ ਦੇ ਵੱਖੋ ਵੱਖਰੇ ਧਰਮਾਂ ਦੇ ਸੰਕਲਪਮਈ ਇਤਿਹਾਸ ਨੂੰ ਦੇਖੀਏ ਤਾਂ ਇਹ ਪਤਾ ਲੱਗਦਾ ਹੈ ਕਿ ਕੁਝ ਪ੍ਰਾਚੀਨ ਧਰਮ ਅਜੇਹੇ ਵੀ ਹਨ, ਜਿੰਨ੍ਹਾਂ ਵਿਚ ਪਰਮਤੱਤ ਦੇ ਵਿਅਕਤਿਤਵ-ਮੂਲਕ ਸੰਕਲਪ ਨੂੰ ਪੇਸ਼ ਕਰਨ ਵਿਚ ਇਹ ਵਿਚਾਰ ਪ੍ਰਤੱਖ ਤੌਰ ਤੇ ਪ੍ਰਗਟਾਇਆ ਗਿਆ ਹੈ ਕਿ ਉਹ ਇਕ ਕੱਹਾਰ ਅਤੇ ਜੱਬਾਰ ਹਸਤੀ ਹੈ। ਮਨੋਵਿਗਿਆਨ ਦੇ ਆਧੁਨਿਕ ਵਿਦਵਾਨਾਂ, ਵਿਸ਼ੇਸ਼ ਕਰਕੇ ਵਿਲੀਅਮ ਜੇਮਜ਼ ਨੇ ਇਹ ਸਿਧਾਂਤ ਪੇਸ਼ ਕੀਤਾ ਹੈ ਕਿ ਜਦੋਂ ਵਿਅਕਤੀ ਨੂੰ ਨਿੱਜ ਰੂਪ ਵਿਚ ਜਾਂ ਸਮੁੱਚੀ ਸਮਾਜਕ ਇਕਾਈ ਨੂੰ ਸਮੂਹਿਕ ਰੂਪ ਵਿਚ ਇਹ ਯਕੀਨ ਹੋ ਜਾਂਦਾ ਹੈ ਕਿ ਪਰਮ ਸ਼ਕਤੀ ਦੀ ਦਿਆਲਤਾ ਅਤੇ ਕਿਰਪਾਲਤਾ ਨਾ ਕੇਵਲ ਉਸ ਦੀ ਸਹਾਇਕ ਹੈ, ਸਗੋਂ ਸਦੀਵੀ ਤੌਰ ਤੇ ਉਸ ਦੀ ਟੇਕ ਅਤੇ ਉਸ ਦਾ ਸਹਾਰਾ ਵੀ ਹੈ, ਜਿਸ ਦੀ ਬਰਕਤ ਨਾਲ ਉਹ ਹਰ ਪ੍ਰਕਾਰ ਦੀ ਔਕੜ ਨੂੰ ਸਹਾਰਦਾ ਹੀ ਨਹੀਂ, ਸਗੋਂ ਪੂਰੀ ਦ੍ਰਿੜਤਾ ਨਾਲ ਉਸ ਉਪਰ ਕਾਬੂ ਪਾਉਣ ਵਿਚ ਵੀ ਸਫ਼ਲ ਹੁੰਦਾ ਹੈ। ਕਿਸੇ ਪਰਮਸ਼ਕਤੀ ਦੀ

ਦਇਆਸ਼ੀਲਤਾ ਵਿਚ ਵਿਸ਼ਵਾਸ ਮਾਨਵੀ ਪ੍ਰਾਣੀ ਦੀਆਂ ਸੰਭਾਵਾਨਾਵਾਂ ਨੂੰ ਸਬਲਤਾ ਪ੍ਰਦਾਨ ਕਰਦਾ ਹੈ। ਗੁਰਬਾਣੀ ਵਿਚ ਜਿਸ ਧਾਰਮਿਕ ਵਿਸ਼ਵਾਸ ਅਤੇ ਵਿਵਹਾਰ ਦੀ ਪ੍ਰੇਰਣਾ ਦਿੱਤੀ ਗਈ ਹੈ, ਉਸ ਅਨੁਸਾਰ ਪਰਮ-ਪੁਰਖ ਨਾ ਕੇਵਲ ਹਰ ਪ੍ਰਕਾਰ ਦੀ ਪੂਰਨਤਾ, ਵਡਿਆਈ, ਮਹਿਮਾ, ਮਹਾਨਤਾ ਅਤੇ ਓਜਸਵਤਾ ਦਾ ਅਕਥਨੀਯ ਸੋਮਾ ਹੈ, ਜਿਹੜਾ ਆਪਣੇ ਸੁਭਾ ਅਤੇ ਪ੍ਰਕਿਰਤੀ ਵਜੋਂ ਦਾਤਾਰ ਅਤੇ ਰਖਵਾਲਾ ਹੈ। ਗੁਰਬਾਣੀ ਨੇ ਸਪੱਸ਼ਟ ਕੀਤਾ ਹੈ ਕਿ ਪਰਮ ਪੁਰਖ ਦੇਣਹਾਰ ਹੈ, ਜਿਸ ਦੀਆਂ ਦਾਤਾਂ ਦੀ ਅਪਾਰਤਾ ਦਾ ਵਰਣਨ ਨਹੀਂ ਹੋ ਸਕਦਾ:-

ਸਭ ਕੋ ਮਾਤ ਪਿਤਾ ਪ੍ਰਤਿਪਾਲਕ ਜੀਅ ਪ੍ਰਾਨ ਸੁਖ ਸਾਗਰੁ ਰੇ॥
ਦੇਂਦੇ ਤੋਟਿ ਨਾਹੀ ਤਿਸੁ ਕਰਤੇ ਪੂਰਿ ਰਹਿਓ ਰਤਨਾਗਰੁ ਰੇ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 209)

ਉਸਦੀਆਂ ਦਾਤਾਂ ਦੀ ਅਪਾਰ ਵਿਸ਼ਾਲਤਾ ਨੂੰ ਗ੍ਰਹਿਣ ਕਰਦਾ ਹੋਇਆ ਮਾਨਵ-ਪ੍ਰਾਣੀ ਥਕ ਜਾਂਦਾ ਹੈ। ਮਾਰੂ ਰਾਗ ਵਿਚ ਗੁਰੂ ਨਾਨਕ ਦੇਵ ਜੀ ਦਾ ਫਰਮਾਨ ਹੈ:-

ਦੇਦੇ ਤੋਟਿ ਨ ਆਵਈ ਲੈ ਲੈ ਥਕਿ ਪਾਈ ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1012)

ਜਪੁਜੀ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ ਕਿ ਜੀਵ ਕੇਵਲ ਇਸੇ ਜਨਮ ਵਿਚ ਹੀ ਨਹੀਂ, ਸਗੋਂ ਜੁਗਾਂ ਜੁਗਾਤਰਾਂ ਤੋਂ ਉਸ ਦੀਆਂ ਦਾਤਾਂ ਲੈਂਦਾ ਅਤੇ ਖਾਂਦਾ ਚਲਿਆ ਆ ਰਿਹਾ ਹੈ :-

ਦੇਦਾ ਦੇ ਲੈਦੇ ਥਕਿ ਪਾਹਿ॥
ਜੁਗਾ ਜੁਗੰਤਰਿ ਖਾਹੀ ਖਾਹਿ ॥ (ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 2)

ਸੰਸਾਰ ਵਿਚ ਉਸ ਅਕਾਲ ਪੁਰਖ ਤੋਂ ਸਿਵਾਏ ਹੋਰ ਕੋਈ ਅਜੇਹਾ ਦਾਤਾ ਨਹੀਂ। ਉਹ ਤਾਂ ਵੱਡੇ ਛੋਟੇ ਅਮੀਰ ਗਰੀਬ ਅਤੇ ਰਾਜੇ ਮਹਾਰਾਜਿਆਂ ਨੂੰ ਵੀ ਦਾਤਾਂ ਦੇਣ ਵਾਲਾ ਹੈ। ਉਸ ਦੇ ਭੰਡਾਰ ਇੰਨੇ ਵਿਸ਼ਾਲ ਅਤੇ ਅਖ਼ੁਟ ਹਨ ਕਿ ਉਨ੍ਹਾਂ ਵਿਚ ਕਦੇ ਵੀ ਤੋਟ ਨਹੀਂ ਆਉਂਦੀ :-

ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ॥
ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 257)

ਉਹ ਪ੍ਰਭੂ ਏਡਾ ਵੱਡਾ ਹੈ ਕਿ ਉਸ ਦੀਆਂ ਵਡਿਆਈਆਂ ਦਾ ਵਰਣਨ ਹੋ ਹੀ ਨਹੀਂ ਸਕਦਾ। ਉਹ ਪ੍ਰਭੂ ਸਰਬ ਸਮਰਥ, ਬਖਸ਼ਿੰਦ ਅਤੇ ਸਭ ਜੀਵਾਂ ਨੂੰ ਰੋਜ਼ੀ ਦੇਣ ਵਾਲਾ ਹੈ:

ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ॥
ਸੋ ਕਰਤਾ ਕਾਦਰ ਕਰੀਮੁ ਦੇ ਜੀਆ ਰਿਜਕੁ ਸੰਬਾਹਿ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 475)

ਦਾਰਸ਼ਨਿਕ ਚਿੰਤਨ ਦੀਆਂ ਵੱਖੋ ਵੱਖਰੀਆਂ ਪ੍ਰਣਾਲੀਆਂ ਵਿਚ ਕੁਝ ਮਹੱਤਵਪੂਰਨ ਪਰੰਪਰਾਵਾਂ ਅਜੇਹੀਆਂ ਵੀ ਹਨ, ਜਿਨ੍ਹਾਂ ਨਾਲ ਸੰਬੰਧਿਤ ਵਿਚਾਰਵਾਨਾਂ ਨੇ ਇਹ ਸਪੱਸ਼ਟ ਕੀਤਾ ਹੈ ਕਿ ਕਿਸੇ ਧਰਮ ਦਾ ਧਰਮ ਸੱਤਾ ਦੇ ਸਰੂਪ ਸੰਬੰਧੀ ਜੋ ਸੰਕਲਪ ਹੁੰਦਾ ਹੈ, ਉਸ ਦੀਆਂ ਸਿਧਾਂਤਕ ਰੇਖਾਵਾਂ ਸਮਾਜਕ ਵਿਵਹਾਰ, ਸਮਾਜਕ ਬਣਤਰ ਅਤੇ ਵਿਅਕਤੀਗਤ ਸਦਾਚਾਰ ਦਾ ਆਧਾਰ ਬਣਦੀਆਂ ਹਨ। ਇਸ ਧਾਰਨਾ ਨੂੰ ਮੁਖ ਰਖਕੇ ਜੇਕਰ ਵਿਚਾਰ ਕੀਤੀ ਜਾਏ ਤਾਂ ਸਪੱਸ਼ਟ ਹੁੰਦਾ

ਹੈ ਕਿ ਗੁਰਬਾਣੀ ਦੀ ਰੌਸ਼ਨੀ ਵਿਚ ਜਿਸ ਮਾਨਵ-ਵਿਅਕਤਿਤਵ ਦਾ ਸਰੂਪ ਉਜਾਗਰ ਹੋਇਆ ਹੈ, ਉਸ ਦੇ ਆਚਰਣਕ ਵਿਵਹਾਰ ਵਿਚ ਦਇਆ, ਸਬਰ, ਸੰਤੋਖ, ਖਿਮਾਂਸ਼ੀਲਤਾ, ਅਲੋਭ, ਸੇਵਾ, ਉਦਾਰਤਾ ਅਤੇ ਪਰਮਾਰਥ ਦੀ ਖਾਸ ਵਿਸ਼ੇਸ਼ਤਾ ਹੈ :-

ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 466-67)

ਬਾਬਾ ਫਰੀਦ ਜੀ ਤਾਂ ਸਬਰ ਕਰਨ ਵਾਲੇ ਵਿਅਕਤੀ ਨੂੰ ਏਨਾ ਮਹਾਨ ਦਰਸਾਉਂਦੇ ਹਨ ਕਿ ਉਹ ਤਾਂ ਵਧ ਕੇ ਮਹਾਨਦ ਤਥਾ ਪ੍ਰਭੂ ਰੂਪ ਹੀ ਹੋ ਜਾਂਦਾ ਹੈ। ਪਰ ਜੇਕਰ ਸਬਰ ਟੁਟ ਜਾਏ ਤਾਂ ਉਸ ਦੀ ਅਵਸਥਾ ਛੋਟੇ ਜਿਹੇ ਨਾਲੇ ਵਰਗੀ ਹੋ ਜਾਂਦੀ ਹੈ;

ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ॥
ਵਧਿ ਥੀਵਹਿ ਦਰਿਆਉ ਟੁਟਿ ਨ ਥੀਵਹਿ ਵਾਹੜਾ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1384)

ਜਦੋਂ ਮਾਨਵ ਮਨ ਅੰਦਰ ਸਬਰ ਅਤੇ ਅਲੋਭ ਦੇ ਭਾਵ ਉਜਾਗਰ ਹੋ ਜਾਂਦੇ ਹਨ ਤਾਂ ਉਹ ਪ੍ਰਭੂ ਰਜ਼ਾ ਵਿਚ ਵਿਚਰਦਿਆਂ ਰੁਖੀ ਸੁਖੀ ਖਾ ਕੇ ਹੀ ਪ੍ਰਭੂ ਗੁਣ ਗਾਇਣ ਕਰਦਿਆਂ ਦੂਜਿਆਂ ਵਲ ਦੇਖ ਕੇ ਆਪਣੇ ਮਨ ਵਿਚ ਕਿਸੇ ਪ੍ਰਕਾਰ ਦੀ ਲਾਲਸਾ ਨਹੀਂ ਕਰਦਾ। ਇਸ ਬਾਰੇ ਬਾਬਾ ਫਰੀਦ ਜੀ ਦਾ ਫੁਰਮਾਨ ਬਹੁਤ ਹੀ ਮਹੱਤਵਪੂਰਨ ਹੈ:-

ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਉ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1379)

ਅਜੇਹੀ ਮਾਨਸਿਕ ਅਵਸਥਾ ਨੂੰ ਪੁਜਿਆ ਪ੍ਰਾਣੀ ਪ੍ਰਭੂ ਦੇ ਭਾਣੇ ਨੂੰ ਮੰਨਦਿਆਂ ਉਸ ਦੀ ਰਜ਼ਾ ਅਨੁਸਾਰ ਚਲਦਿਆਂ ਭੁੱਖ ਅਤੇ ਦੁਖ ਸੁਖ ਦੀ ਪਰਵਾਹ ਨਾ ਕਰਦਿਆਂ ਆਪਾ ਸਮਰਪਨ ਕਰਕੇ ਪ੍ਰਭੂ ਮਿਲਾਪ ਵਿਚ ਹੀ ਆਪਣੀ ਵਡਿਆਈ ਅਨੁਭਵ ਕਰਦਿਆਂ ਪੁਕਾਰ ਉਠਦਾ ਹੈ:-

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥੨॥
ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥੩॥
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥੪॥
ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥੫॥
ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ॥੬॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 757)

ਸਮਾਜਕ ਜੀਵਨ ਵੱਖੋ-ਵੱਖਰੇ ਇਨਸਾਨੀ ਰਿਸ਼ਤਿਆਂ ਦੇ ਸੰਗਠਨ ਦਾ ਹੀ ਦੂਸਰਾ ਨਾਮ ਹੈ। ਇਤਿਹਾਸ ਇਹ ਗੱਲ ਵੀ ਸਪੱਸ਼ਟ ਕਰਦਾ ਹੈ ਕਿ ਪ੍ਰਾਚੀਨ ਕਾਲ ਵਿਚ ਧਰਮ ਦੇ ਆਧਾਰ ਤੇ ਕਾਇਮ ਹੋਏ ਸਮਾਜ ਵਿਚ ਊਚ ਨੀਚ ਅਥਵਾ ਉਤਮ ਤੇ ਨਖਿਧ ਦੀ ਵੰਡ ਮੌਜੂਦ ਸੀ। ਦੂਜੇ ਸ਼ਬਦਾਂ ਵਿਚ ਅਸੀਂ ਇਹ ਵੀ ਆਖ ਸਕਦੇ ਹਾਂ ਕਿ ਉਕਤ ਸਮਾਜਕ ਬਣਤਰ ਵਿਚ ਇਨਸਾਨੀ ਰਿਸ਼ਤਿਆਂ ਦਾ ਆਧਾਰ ਇਨਸਾਨੀਅਤ ਨਹੀਂ, ਸਗੋਂ ਵਰਗ-ਮੂਲਕ ਦਰਜੇ-ਬੰਦੀ ਸੀ । ਗੁਰਬਾਣੀ ਦੀ ਪ੍ਰੇਰਨਾ ਅਨੁਸਾਰ ਕਾਇਮ ਹੋਏ ਸਮਾਜ ਵਿਚ ਇਨਸਾਨੀ ਰਿਸ਼ਤਿਆਂ ਦਾ ਆਧਾਰ ਸਮਾਨਤਾ ਅਤੇ ਭਰਾਤਰੀਭਾਵ ਹੈ । ਗੁਰਮਤਿ ਦੇ ਅਵਲੰਬੀ ਸਮਾਜ ਵਿਚ ਵਰਗ ਮੂਲਕ

ਉਤਮਤਾਈ ਦੀ ਕੋਈ ਗੁੰਜਾਇਸ਼ ਨਹੀਂ। ਗੁਰਮਤਿ ਸਜਣ, ਮੀਤ, ਸਖਾ, ਭਾਈ ਬੰਧਪ ਦੇ ਸਮਾਨਤਾ ਮੂਲਕ ਰਿਸ਼ਤੇ ਨੂੰ ਸਾਕਾਰ ਕਰਦੀ ਹੈ ਅਤੇ ਨਿਤ ਵਰਤੀਂਦੀ ਹਕੀਕਤ ਦਾ ਰੂਪ ਦਿੰਦੀ ਹੈ;

ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ॥
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ॥੨॥
ਸਭ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥
ਦੂਰ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ॥੩॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 671)

ਸੰਸਾਰ ਦੇ ਧਾਰਮਿਕ ਇਤਿਹਾਸ ਦੀ ਚਰਚਾ ਕਰਦਿਆਂ ਵਿਦਵਾਨਾਂ ਵਲੋਂ ਧਰਮ ਦੀ ਉਤਪਤੀ ਦਾ ਮੂਲ ਸਰੋਤ ਡਰ ਨੂੰ ਦਰਸਾਉਂਦਿਆਂ ਮਨੁੱਖ ਵਲੋਂ ਆਪਣੀ ਮੁਢਲੀ ਅਵਸਥਾ ਸਮੇਂ ਕੁਦਰਤ ਦੀਆਂ ਵੱਖ ਵੱਖ ਗੈਬੀ ਸ਼ਕਤੀਆਂ ਤੋਂ ਡਰਦਿਆਂ ਉਨ੍ਹਾਂ ਨੂੰ ਵੱਖ ਵੱਖ ਨਾਵਾਂ ਅਧੀਨ ਦੇਵੀ ਦੇਵਤਿਆਂ ਵਜੋਂ ਸਵੀਕਾਰਿਆ ਦਰਸਾਇਆ ਗਿਆ ਹੈ । ਇਸਲਾਮ ਅਤੇ ਜੂਡੋਇਜ਼ਮ ਨੂੰ ਕੱਹਾਰ ਅਤੇ ਜੱਬਾਰ ਕਰਕੇ ਵੀ ਦਰਸਾਇਆ ਗਿਆ ਹੈ । ਯੂਰਪ ਵਿਚ ਜੂਡੋਇਜ਼ਮ ਨੂੰ ਇਸੇ ਕਰਕੇ ਨਕਾਰਿਆ ਜਾਂਦਾ ਹੈ । ਪਰ ਗੁਰਮਤਿ ਅਨੁਸਾਰ ਪ੍ਰਭੂ ਦਾ ਸਰੂਪ ਦਿਆਲੂ, ਕਿਰਪਾਲੂ, ਮਿੱਤਰ, ਸਖਾ, ਬੰਧਨ ਦਾ ਹੀ ਨਹੀਂ, ਸਗੋਂ ਮਾਤਾ-ਪਿਤਾ ਅਤੇ ਭਰਾ ਦਾ ਵੀ ਦਰਸਾਇਆ ਗਿਆ ਹੈ ।

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥
ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥
ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ॥੧॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 103)

ਸੁਖਮਨੀ ਸਾਹਿਬ ਵਿਚ ਵੀ ਉਸ ਠਾਕੁਰੁ ਅੱਗੇ ਅਰਦਾਸ ਕਰਦਿਆਂ ਪੰਚਮ ਪਾਤਸ਼ਾਹ ਨੇ ਉਸ ਪ੍ਰਭੂ ਦੇ ਸੁੱਖਾਂ ਦੇ ਦਾਤੇ ਦੇ ਉੱਚੇ ਤੋਂ ਉੱਚੇ ਹੋਣ ਦੇ ਨਾਲ ਨਾਲ ਜੀਵ ਦੇ ਉਸ ਦੇ ਬਾਰਿਕ ਹੋਣ ਬਾਰੇ ਫਰਮਾਇਆ ਹੈ :-

ਤੂ ਠਾਕੁਰੁ ਤੁਮ ਪਹਿ ਅਰਦਾਸਿ॥
ਜੀਉ ਪਿੰਡੁ ਸਭੁ ਤੇਰੀ ਰਾਸਿ ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥ (ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 268)

ਉਹ ਪ੍ਰਭੂ ਦਿਆਲੂ ਹੈ, ਕਿਰਪਾਲੂ ਹੈ, ਦਾਤਾਂ ਦੇਣ ਵਾਲਾ, ਪਾਲਣਹਾਰ ਅਤੇ ਬੇਅੰਤ ਗੁਣਾਂ ਦਾ ਮਾਲਕ ਹੈ, ਜਿਸ ਦੇ ਗੁਣਾਂ ਦਾ ਵਰਣਨ ਨਹੀਂ ਹੋ ਸਕਦਾ :-

ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ॥
ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ॥੧॥
ਜਿਹਵਾ ਏਕ ਕਵਨ ਗੁਨ ਕਹੀਐ॥
ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨ ਹੀ ਲਹੀਐ ॥੧॥ ਰਹਾਉ॥
ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ॥
ਹਮ ਅਗਿਆਨ ਅਲਪ ਮਤਿ ਥੋਰੀ ਤੁਮ ਆਪਨ ਬਿਰਦੁ ਰਖਾਵਹੁ॥੨॥
ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ ॥

ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ॥੩॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 674)

ਮਾਨਵੀ ਰਿਸ਼ਤਿਆਂ ਦੀ ਸਾਂਝ ਟੁਟਣਹਾਰ ਹੈ, ਪਰ ਗੁਰਮਤਿ ਅਨੁਸਾਰ ਪ੍ਰਭੂ ਦੀ ਸਾਂਝ ਸਦੀਵੀ ਹੈ। ਉਸ ਨਾਲ ਸਾਂਝ ਪਾਇਆਂ ਉਹ ਤੱਤੀ ਹਵਾ ਵੀ ਨਹੀਂ ਲੱਗਣ ਦਿੰਦਾ :-

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਈ ਨ ਦੇਇ॥
ਲਾਗੂ ਹੋਏ ਦੁਸਮਨਾ ਸਾਕ ਭਿ ਭਜ ਖਲੇ।
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥੧॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 70)

ਪਿਤਾ ਪਰਮਾਤਮਾ ਜੀਵ ਦੇ ਔਗੁਣ ਦੇਖ ਕੇ ਛਡਦਾ ਨਹੀਂ ਅਤੇ ਕਿਰਪਾ ਕਰਕੇ ਬਖਸ਼ਦਾ ਹੀ ਨਹੀਂ, ਸਗੋਂ ਸਹੀ ਮਾਰਗ ਦਰਸ਼ਨ ਵੀ ਕਰਦਾ ਹੈ:-

ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ॥
ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ॥੨॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 624)

ਪਰ ਮਾਨਵ ਆਪਣੀ ਅਲਪ ਬੁੱਧੀ ਸਦਕਾ ਉਸ ਦੀ ਦਇਆ ਅਤੇ ਭਲਾਈ ਨੂੰ ਨਹੀਂ ਸਮਝਦਾ ;

ਤੁਮ ਕਰਹੁ ਭਲਾ ਹਮ ਭਲੋ ਨ ਜਾਨਹ
ਤੁਮ ਸਦਾ ਸਦਾ ਦਇਆਲਾ॥ (ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 613)

ਗੁਰਮਤਿ ਦਾ ਇਹ ਦ੍ਰਿੜ ਵਿਸ਼ਵਾਸ ਹੈ ਕਿ ਜੀਵ ਜਿਸ ਤਰ੍ਹਾਂ ਦੇ ਇਸ਼ਟ ਦੀ ਅਰਾਧਨਾ ਕਰਦਾ ਹੈ, ਉਸੇ ਤਰ੍ਹਾਂ ਦੇ ਗੁਣਾਂ ਦਾ ਧਾਰਨੀ ਹੋ ਨਿਬੜਦਾ ਹੈ ;

ਜੈਸਾ ਸੇਵੈ ਤੈਸੋ ਹੋਇ॥ (ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 223)

ਪ੍ਰਭੂ ਆਪ ਭਰੋਸੇ ਯੋਗ ਹੈ ਤੇ ਉਸ ਨਾਲ ਸਾਂਝ ਸਥਾਪਿਤ ਕਰਨ ਵਾਲਾ ਵਿਅਕਤੀ ਨਿਸਚੇ ਹੀ ਉਸ ਦੇ ਗੁਣਾਂ ਦਾ ਧਾਰਨੀ ਹੋਣ ਕਰਕੇ ਭਰੋਸੇਯੋਗ ਹੋਵੇਗਾ। ਗੁਰਮਤਿ ਤਥਾ ਸਿੱਖੀ ਦੀ ਵਿਸ਼ੇਸ਼ਤਾ ਹੀ ਇਹ ਹੈ ਕਿ ਮਨੁੱਖ ਨੂੰ ਭਰੋਸੇਯੋਗ ਬਣਾਇਆ ਗਿਆ ਹੈ ਤੇ ਇਸ ਭਰੋਸੇ ਯੋਗਤਾ ਦੇ ਸਹਾਰੇ ਹੀ ਇਕ ਨਵੇਂ ਸਮਾਜ ਦੀ ਸਿਰਜਣਾ ਕੀਤੀ ਹੈ। ਇਹ ਵੀ ਗੁਰਮਤਿ ਤਥਾ ਸਿਖ ਸਮਾਜ ਦੀ ਵਿਲੱਖਣਤਾ ਹੈ ਕਿ ਉਹ ਉਸ ਪ੍ਰਭੂ ਨੂੰ ਆਪਣੇ ਸਿਰ ਦਾ ਸਾਂਈ ਮੰਨ ਕੇ ਸਭ ਥਾਂਈ ਆਪਣੇ ਸਹਾਰੇ ਵਜੋਂ ਮਿਥਦਾ ਹੈ ;

ਮਾਧੌ ਤੂ ਠਾਕੁਰੁ ਸਿਰ ਮੋਰਾ॥
ਈਹਾ ਊਹਾ ਤੁਹਾਰੋ ਧੋਰਾ॥ (ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 613)


**ਅਜੂਨੀ**

ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !

ਗੁਰਮਤਿ ਰਹਿਣੀ ਨੂੰ ਅਪਣਾਓ !

# ਖ਼ਾਲਸੇ ਦੀ 300ਵੀਂ ਵਰ੍ਹੇ ਗੰਢ ਕਿਵੇਂ ਮਨਾਈ ਜਾਵੇ

ਡਾ. ਹਰਮਿੰਦਰ ਸਿੰਘ ਬੇਦੀ.

ਖ਼ਾਲਸੇ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੀ ਫ਼ੌਜ ਕਿਹਾ ਹੈ। ਖ਼ਾਲਸੇ ਨੂੰ ਉਨ੍ਹਾਂ ਨੇ ਆਪਣੇ ਰੂਪ ਨਾਲ ਵੀ ਵਡਿਆਇਆ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸੇ ਤੇ ਅਟੁੱਟ ਵਿਸ਼ਵਾਸ਼ ਸੀ । ਸਿਰਜਨਹਾਰ ਜਦੋਂ ਆਪਣੀ ਸਿਰਜਣਾ ਤੇ ਮਾਣ ਕਰਦਾ ਹੈ ਤਾਂ ਉਸ ਦਾ ਮਹੱਤਵ ਹੋਰ ਵੱਧ ਜਾਂਦਾ ਹੈ। ਖ਼ਾਲਸਾ ਸਮੇਂ ਦੀ ਲੋੜ ਤੇ ਕੌਮ ਦੇ ਭਵਿੱਖ ਲਈ ਸਿਰਜਿਆ ਗਿਆ ਸੀ। ਖ਼ਾਲਸੇ ਦਾ ਅਤੀਤ ਗੌਰਵਮਈ ਹੈ, ਵਰਤਮਾਨ ਸੰਘਰਸ਼ ਭਰਿਆ ਤੇ ਭਵਿੱਖ ਉਜਵਲ। ਗੁਰੂ ਗੋਬਿੰਦ ਸਿੰਘ ਜੀ ਨੇ ਖ਼ੁਦ 'ਬਚਿੱਤਰ ਨਾਟਕ' ਵਿਚ ਅਸਚਰਜ ਕੌਤਕ ਰਚ ਕੇ ਖ਼ਾਲਸੇ ਦਾ ਨਿਰਮਾਣ ਕੀਤਾ। ਖ਼ਾਲਸਾ ਜਾਤ-ਪਾਤ, ਰੰਗ-ਭੇਦ, ਨਸਲ ਤੋਂ ਮੁਕਤ ਸੀ। ਇਹੋ ਜਿਹੇ ਸਾਮਾਜਿਕ ਢਾਂਚੇ ਦੀ ਰਚਨਾ ਕਰਕੇ ਗੁਰੂ ਜੀ ਨੇ ਧਰਮ ਨਿਰਪੱਖ ਸਮਾਜ ਦੀ ਨੀਂਹ ਰੱਖੀ। ਆਉਣ ਵਾਲੇ ਸਮੇਂ ਲਈ ਖ਼ਾਲਸੇ ਨੂੰ ਆਦਰਸ਼ ਦੇ ਰੂਪ ਵਿਚ ਪੇਸ਼ ਕੀਤਾ । 'ਬਚਿੱਤਰ ਨਾਟਕ' ਦੀ ਕਥਾ-ਵਸਤੂ ਖ਼ਾਲਸੇ ਦੇ ਨਿਰਮਾਣ ਨਾਲ ਆਪਣੀ ਬੁਲੰਦੀ ਨੂੰ ਛੋਂਹਦੀ ਹੈ । ਗੁਰੂ ਜੀ ਦੇ ਹਜ਼ੂਰੀ ਕਵੀ ਸੈਨਾਪਤੀ ਨੇ 'ਗੁਰੂ ਸ਼ੋਭਾ' ਵਿਚ ਇਸ ਦਾ ਅਨੂਪਮ ਸ਼ਬਦਾਂ ਵਿਚ ਵਰਣਨ ਕੀਤਾ ਹੈ ।

ਗੁਰੂ ਜੀ ਦਾ ਆਦਰਸ਼ ਖ਼ਾਲਸਾ ਪਿਛਲੇ 300 ਵਰ੍ਹੇ ਇਸ ਧਰਤੀ ਤੇ ਕਿਵੇਂ ਵਿਚਰਿਆ, ਜੇ ਅਸੀਂ ਇਸ ਸਵਾਲ ਦੇ ਸਨਮੁਖ ਖੜੇ ਹੋ ਜਾਈਏ ਤਾਂ ਸਾਨੂੰ ਖ਼ਾਲਸੇ ਦੇ ਇਤਿਹਾਸ ਤੇ ਸੰਘਰਸ਼ ਦਾ ਪਤਾ ਲਗ ਜਾਵੇਗਾ । ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਖ਼ਾਲਸਾ ਪੰਥ ਦੇ ਸਾਹਮਣੇ ਕਈ ਵੰਗਾਰਾਂ ਪੈਦਾ ਹੋਈਆਂ। ਮੁਗਲ ਸੱਤ੍ਹਾ ਨਾਲ ਸੰਘਰਸ਼ ਤੇਜ਼ ਵੀ ਹੋਇਆ ਤੇ ਖ਼ਾਲਸੇ ਨੂੰ ਔਖੇ ਰਾਹਾਂ ਤੇ ਤੁਰਨਾ ਵੀ ਪਿਆ । ਮਿਸਲਾਂ ਦੀ ਹੋਂਦ ਨੇ ਰਾਜਨੀਤਿਕ ਤੇ ਸਾਮਾਜਿਕ ਸੰਘਠਨ ਖ਼ਾਲਸੇ ਦੀ ਵਿਕਾਸ-ਯਾਤਰਾ ਨੂੰ ਪ੍ਰਦਾਨ ਕੀਤਾ। ਸਿੱਟੇ ਵਜੋਂ ਮਹਾਰਾਜਾ ਰਣਜੀਤ ਸਿੰਘ ਦਾ 'ਖ਼ਾਲਸਾ ਰਾਜ' ਸਥਾਪਿਤ ਹੋਇਆ । ਇਤਿਹਾਸਕ ਤੌਰ ਤੇ ਸਿੱਖਾਂ ਦੀ ਇਕ ਬੱਝਵੀਂ ਰਾਜਨੀਤਿਕ ਸ਼ਕਤੀ ਆਲੋਕਿਤ ਹੋਈ । ਇਸ ਸ਼ਕਤੀ ਉੱਤੇ ਵੀ ਗੁਰੂ ਗੋਬਿੰਦ ਸਿੰਘ ਜੀ ਦਾ ਦਿੱਬ ਅਸ਼ੀਰਵਾਦ ਸੀ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ 'ਖ਼ਾਲਸਾ ਰਾਜ' ਖੇਰੂੰ ਖੇਰੂੰ ਹੋ ਗਿਆ । ਭਾਰਤ ਦੇ ਦੂਜੇ ਸੂਬਿਆਂ ਵਾਂਗ 19ਵੀਂ ਸਦੀ ਦੇ ਅੱਧ ਵਿਚ ਅੰਗਰੇਜ਼ ਪੰਜਾਬ ਤੇ ਵੀ ਕਾਬਜ਼ ਹੋ ਗਏ ।

ਮੈਂ ਇਹ ਪਿੱਠ ਭੂਮੀ ਇੱਥੇ ਸਿਰਫ਼ ਇਸ ਲਈ ਦੇ ਰਿਹਾ ਹਾਂ, ਕਿਉਂਕਿ ਕਿਸੇ ਵੀ ਕੌਮ ਦਾ ਮੁਹਾਂਦਰਾ ਉਸ ਦੇ ਰਾਜਨੀਤਕ ਸੰਘਰਸ਼ ਅਤੇ ਪ੍ਰਾਪਤੀਆਂ ਤੋਂ ਹੀ ਪਹਿਚਾਨਿਆ ਜਾਂਦਾ ਹੈ। ਵਿਅਕਤੀਗਤ ਸੁਤੰਤਰਤਾ ਤੇ ਸਾਮਾਜਿਕ ਸਹਿਹੋਂਦ ਤਾਂ ਹੀ ਸੰਭਵ ਹੁੰਦੀਆਂ ਹਨ, ਜੇ ਕਿਸੇ ਕੌਮ ਦੇ ਪੱਲੇ ਉਸ ਦਾ ਵਿਰਸਾ ਅਤੇ ਜੁਝਾਰੂਪਨ ਹੋਵੇ। ਖ਼ਾਲਸੇ ਕੋਲ ਇਹ ਦੋਵੇਂ ਸ਼ਕਤੀਆਂ ਹਨ। ਹੁਣ ਲੋੜ ਕੇਵਲ ਇਸ ਦੀ ਜੁਗਤ ਨੂੰ ਪਛਾਣਨ ਦੀ ਹੈ। ਖ਼ਾਲਸੇ ਦੀ 300ਵੀਂ ਵਰ੍ਹੇ-ਗੰਢ ਮਨਾਉਣ ਲਗਿਆਂ ਸਾਨੂੰ ਕਦੇ ਵੀ ਆਪਣੀ ਸੰਘਰਸ਼ਮਈ ਜੀਵਨ-ਗਾਥਾ ਨੂੰ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ। ਇਸ ਪਿੱਠਭੂਮੀ ਦੇ ਸੰਦਰਭ ਵਿਚ ਖ਼ਾਲਸੇ ਦੀ 300 ਵੀਂ ਵਰ੍ਹੇ-ਗੰਢ ਮਨਾਉਣ ਲਈ ਹੇਠ ਲਿਖੇ ਮੁੱਦਿਆਂ ਤੇ ਜ਼ਰੂਰ ਵਿਚਾਰ ਕਰਨਾ ਚਾਹੀਦਾ ਹੈ –

1. ਖ਼ਾਲਸੇ ਦੇ ਜਨਮ, ਉਸ ਦੇ ਇਤਿਹਾਸਕ ਪਿਛੋਕੜ ਤੇ ਸਭਿਆਚਾਰਕ ਵਿਰਸੇ ਪ੍ਰਤੀ

ਚੇਤੰਨਤਾ ਜਗਾਉਣੀ ਚਾਹੀਦੀ ਹੈ। ਇਹ ਚੇਤੰਨਤਾ ਖੋਜ-ਪੁਸਤਕਾਂ, ਸੈਮੀਨਾਰਾਂ ਤੇ ਛੋਟੇ ਛੋਟੇ ਟ੍ਰੈਕਟਾਂ ਰਾਹੀਂ ਜਗਾਈ ਜਾ ਸਕਦੀ ਹੈ।

2. ਖ਼ਾਲਸੇ ਦੀ ਸ਼ਤਾਬਦੀ ਦੇ ਮੌਕੇ ਤੇ ਕੋਈ ਅਜਿਹੀ ਯਾਦਗਾਰੀ ਸੰਸਥਾ ਕਾਇਮ ਹੋਣੀ ਚਾਹੀਦੀ ਹੈ, ਜਿਸ ਸੰਸਥਾ ਦਾ ਮੂਲ ਉਦੇਸ਼ ਸਿੱਖ ਸਾਹਿਤ, ਸਿੱਖ ਇਤਿਹਾਸ ਤੇ ਸਿੱਖ ਸਭਿਆਚਾਰ ਦਾ ਨਿਰਮਾਣ ਕਰਨਾ ਹੋਵੇ। ਇਹ ਸੰਸਥਾ ਅੰਤਰ-ਰਾਸ਼ਟਰੀ ਪੱਧਰ ਤੇ ਖ਼ਾਲਸੇ ਦੀ ਦਿੱਖ ਨੂੰ ਅਜਿਹੇ ਢੰਗ ਨਾਲ ਪੇਸ਼ ਕਰੇ ਕਿ ਸਾਡਾ ਗੌਰਵਸ਼ਾਲੀ ਇਤਿਹਾਸ ਸਮਕਾਲੀ ਕਦਰਾਂ-ਕੀਮਤਾਂ ਵਿਚੋਂ ਉਭਰ ਸਕੇ। ਵਿਵਹਾਰਕ ਰੂਪ ਵਿਚ ਇਹ ਸੰਸਥਾ ਸਿੱਖ ਵਿਸ਼ਵਵਿਦਿਆਲਾ ਵੀ ਹੋ ਸਕਦਾ ਹੈ ਤੇ ਅੰਤਰ-ਰਾਸ਼ਟਰੀ ਬਹੁਮੁਖੀ ਧਰਮਾਂ ਦਾ ਅਧਿਐਨ ਕੇਂਦਰ ਵੀ। ਮੇਰੀ ਜਾਚੇ ਸਿੱਖ ਕੌਮ ਨੂੰ ਅੱਜ ਅਜਿਹੀ ਆਧੁਨਿਕ ਸਿੱਖ ਯੂਨੀਵਰਸਿਟੀ ਦੀ ਵਧੇਰੇ ਲੋੜ ਹੈ, ਜਿੱਥੇ ਸਿੱਖ ਧਰਮ ਦੇ ਬਹੁਮੁਖੀ ਪਸਾਰਾਂ ਬਾਰੇ ਗੰਭੀਰ ਚਿੰਤਨ ਤੇ ਖੋਜ ਕਾਰਜ ਹੋ ਸਕੇ।

3. ਖ਼ਾਲਸੇ ਦੀ 300 ਵਰ੍ਹੇ-ਗੰਢ ਦੇ ਮੌਕੇ ਤੇ ਕੁਝ ਅਜਿਹੇ ਕਾਰਜ ਸ਼ੁਰੂ ਕਰਨੇ ਚਾਹੀਦੇ ਹਨ, ਜਿਨ੍ਹਾਂ ਦੇ ਸਦੀਵੀ ਪ੍ਰਭਾਵ 21 ਵੀਂ ਸਦੀ ਤੇ ਪੈਣ । ਉਦਾਹਰਣ ਵਜੋਂ ਗਿਆਨ-ਵਿਗਿਆਨ ਦੇ ਨਵੇਂ ਖੇਤਰਾਂ ਵਿਚ ਸਿੱਖ ਕੌਮ ਕਿਸ ਤਰ੍ਹਾਂ ਪ੍ਰਵੇਸ਼ ਕਰੇ। ਆਪਣੇ ਸਭਿਆਚਾਰ ਤੇ ਧਾਰਮਿਕ ਅਨੁਸ਼ਾਸਨ ਨੂੰ ਅਪਨਾਉਂਦਿਆਂ ਹੋਇਆਂ ਸਾਡੀ ਆਉਣ ਵਾਲੀ ਪੀੜ੍ਹੀ ਇਸ ਨੂੰ ਕਿਸ ਤਰ੍ਹਾਂ ਅਪਨਾਵੇ-ਇਹ ਬੜੇ ਜ਼ਰੂਰੀ ਤੇ ਗੰਭੀਰ ਮੁੱਦੇ ਹਨ, ਜਿਨ੍ਹਾਂ ਉੱਤੇ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ ਤੇ ਵਿਚਾਰ ਵਟਾਂਦਰਾ ਹੋਣਾ ਚਾਹੀਦਾ ਹੈ। ਸੰਤ ਸਮਾਜ ਨੂੰ ਇਹ ਬੀੜਾ ਚੁੱਕ ਕੇ ਇਸ ਦੀ ਰਹਿਨੁਮਾਈ ਕਰਨੀ ਚਾਹੀਦੀ ਹੈ।

4. ਖ਼ਾਲਸੇ ਦੀ 300 ਵਰ੍ਹੇ-ਗੰਢ ਤੇ ਪੰਜਾਬੀ ਭਾਸ਼ਾ, ਗੁਰਮੁਖੀ ਲਿਪੀ ਤੇ ਪੰਜਾਬੀ ਸਾਹਿੱਤ ਦੇ ਵਿਕਾਸ ਪ੍ਰਤੀ ਵੀ ਸਾਨੂੰ ਵਚਨ ਬੱਧ ਹੋਣਾ ਚਾਹੀਦਾ ਹੈ। ਸਾਡਾ ਸਾਰਾ ਸਾਹਿੱਤ, ਕਲਾ, ਇਤਿਹਾਸ ਗੁਰਮੁਖੀ ਲਿਪੀ ਰਾਹੀਂ ਪੰਜਾਬੀ ਭਾਸ਼ਾ ਵਿਚ ਹੀ ਸੁਰਖਿਅਤ ਹੈ। ਇਸ ਮੌਕੇ ਤੇ ਅਜਿਹੇ ਅਦਾਰੇ ਕਾਇਮ ਹੋਣੇ ਚਾਹੀਦੇ ਹਨ, ਜਿਨ੍ਹਾਂ ਵਿਚ ਨਵੀਂ ਤਕਨੀਕ ਰਾਹੀਂ ਪੁਰਾਤਨ ਵਿਰਸੇ ਦੀ ਸੇਵਾ-ਸੰਭਾਲ ਵੀ ਹੋਵੇ। ਉਦਾਹਰਨ ਵਜੋਂ ਕੰਪਿਊਟਰ ਵਿਚ ਵਡਮੁੱਲੇ ਖਰੜਿਆਂ ਨੂੰ ਫ਼ੀਡ ਕਰਨਾ ਚਾਹੀਦਾ ਹੈ। ਪ੍ਰਿੰਟਿਗ ਤੇ ਟੈਕਨੋਲੋਜੀ ਦੇ ਆਧੁਨਿਕ ਢੰਗ ਤਰੀਕਿਆਂ ਨੂੰ ਅਪਨਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਖ਼ੂਬਸੂਰਤ ਬੀੜਾਂ ਤਿਆਰ ਕਰਨੀਆਂ ਚਾਹੀਦੀਆਂ ਹਨ ਤਾਂ ਕਿ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਵਿਸ਼ਵ ਦੇ ਹਰ ਕੋਨੇ ਵਿਚ ਪਹੁੰਚਾਇਆ ਜਾ ਸਕੇ।

5. ਖ਼ਾਲਸੇ ਦੀ 300ਵੀਂ ਵਰ੍ਹੇ-ਗੰਢ ਦੇ ਮੌਕੇ ਤੇ ਸਿੱਖ ਕੌਮ ਨੂੰ ਆਪਣਾ ਰਾਜਨੀਤਕ ਟੀਕਾ ਵੀ ਸਪੱਸ਼ਟ ਕਰਨਾ ਚਾਹੀਦਾ ਹੈ। ਮੈਂ ਇਹ ਸਮਝਦਾ ਹਾਂ ਕਿ ਰਾਜਨੀਤਿਕ ਟੀਚੇ ਵਿਚ ਸਾਡਾ ਭਵਿੱਖ ਤਾਂ ਹੀ ਸੁਰੱਖਿਅਤ ਹੋ ਸਕਦਾ ਹੈ, ਜੇ ਅਸੀਂ ਆਪਣੇ ਸਾਮਾਜਿਕ, ਆਰਥਿਕ ਤੇ ਸਾਂਸਕ੍ਰਿਤਿਕ ਮੁੱਦਿਆਂ ਨੂੰ ਚੰਗੀ ਤਰ੍ਹਾਂ ਘੋਖ-ਵਿਚਾਰ ਲਈਏ। ਇਸ ਕਾਰਜ ਲਈ ਹਰ ਖੇਤਰ ਦੇ ਸਿੱਖ ਬੁੱਧੀਜੀਵੀਆਂ ਦੀਆਂ ਕਾਨਫਰੰਸਾਂ ਕਰਕੇ, ਉਨ੍ਹਾਂ ਦੀਆਂ ਪ੍ਰੋਸੀਡਿੰਗਾਂ ਨੂੰ ਛਾਪ ਕੇ ਤੇ ਬਾਅਦ ਵਿਚ ਮਹੱਤਵਪੂਰਨ ਸਿੱਟੇ ਕੱਢ ਕੇ ਕੌਮ ਦੇ ਸਾਹਮਣੇ ਰੱਖਣੇ ਚਾਹੀਦੇ ਹਨ ਤਾਂ ਕਿ ਆਉਣ ਵਾਲੀ ਸਦੀ ਵਿਚ ਕੌਮ ਨੂੰ ਆਪਣੇ ਰਾਹ ਦੀ ਪਛਾਣ ਵੀ ਹੋਵੇ ਤੇ ਮੰਜ਼ਿਲ ਦੀ ਵੀ।

6. ਖ਼ਾਲਸੇ ਦੀ ਜਨਮ-ਭੂਮੀ ਅਨੰਦਪੁਰ ਸਾਹਿਬ ਦਾ ਵਿਕਾਸ ਵੱਡੇ ਪੱਧਰ ਤੇ ਹੋਣਾ ਚਾਹੀਦਾ ਹੈ। ਪ੍ਰਸ਼ਾਸਨਿਕ ਤੌਰ ਤੇ ਪੰਜਾਬ ਸਰਕਾਰ ਨੂੰ ਅਨੰਦਪੁਰ ਸਾਹਿਬ ਨੂੰ ਜ਼ਿਲੇ ਦਾ ਦਰਜਾ ਦੇਣਾ ਚਾਹੀਦਾ ਹੈ । ਧਾਰਮਿਕ ਸ਼ਹਿਰ ਵਜੋਂ ਮਾਨਤਾ ਦੇਣੀ ਚਾਹੀਦੀ ਹੈ। ਆਉਣ ਜਾਣ ਦੇ ਸਾਧਨਾਂ

'ਸਖਸ਼ੀਪੂਜਾ' (ਜਿਸ ਦੇ ਕਿ ਬਾਬਾ ਜੀ ਅਤੇ ਗੁਰਭਾਈ ਰੂਪ ਵਿਚ ਅਸੀਂ ਤੁਸੀਂ ਮੁੱਢੋਂ 'ਦੁਸ਼ਮਣ' ਹਾਂ) (ਅਧਿਆਤਮਕ ਰੰਗ ਦੇ ਨੁਕਤੇ ਤੋਂ ਜਿੱਥੇ 'ਸੁਰਤਿ' ਚਾਹੀਦੀ ਹੈ, ਮਨ, ਦਿਲ-ਦਿਮਾਗ ਆਦਿ ਨਹੀਂ ਚਾਹੀਦਾ ਸ਼ਬਦ ਵਿਚ ਲੀਨ ਹੋਣ ਲਈ)

ਲੱਖ ਵਾਰ ਵਧਾਈ ਦੇ ਪਾਤਰ ਹਨ ਪੁਸਤਕ ਦੇ ਕਰਤਾ।

ਡਾ. ਹਿੰਮਤ ਸਿੰਘ ਪਟਿਆਲਾ

## ਗੁਰੂ ਨਾਨਕ ਸਾਹਿਬ ਦਾ ਗੁਰੂ ਕੌਣ ?

ਲੇਖਕ : ਬਾਬਾ ਸਰਬਜੋਤ ਸਿੰਘ ਬੇਦੀ

ਪ੍ਰਕਾਸ਼ਕ : ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ

ਭੇਟਾ = ਤਿੰਨ ਰੁਪਏ

ਪੰਨੇ = 16

ਅਜੂਨੀ ਦੇ ਸੰਪਾਦਕ ਵਲੋਂ ਬਾਬਾ ਸਰਬਜੋਤ ਸਿੰਘ ਜੀ ਦੀ ਇਕ ਪੁਸਤਕ "ਗੁਰੂ ਨਾਨਕ ਸਾਹਿਬ ਦਾ ਗੁਰੂ ਕੌਣ" ਵਿਚਾਰ ਕਰਨ ਹਿਤ ਪ੍ਰਾਪਤ ਹੋਈ। ਪੁਸਤਕ ਦੇ ਲੇਖਕ, ਗੁਰੂ ਨਾਨਕ ਸਾਹਿਬ ਜੀ ਦੀ ਪੀੜ੍ਹੀ ਦੀ 17ਵੀਂ ਪਾਵਨ ਅੰਸ਼ ਹਨ। ਸਿੱਖ ਜਗਤ ਦੀ ਪੂਜਨੀਕ ਹਸਤੀ। ਸਮੁੱਚੇ ਸੰਤ ਸਮਾਜ ਦੇ ਅਜੇਹੇ ਆਗੂ-ਸੰਤ, ਜੋ ਸਾਰੀ ਮਾਨਵਤਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ 'ਧੁਰ ਕੀ ਬਾਣੀ' ਦੇ ਲੜ ਲਾ ਕੇ ਸਗਲ ਸੰਸਾਰ ਦੀ ਸਰਬ-ਚਿੰਤਾ ਮਿਟਾਉਣ ਲਈ ਯਤਨਸ਼ੀਲ ਹਨ।

ਅਜੇਹੇ ਮਹਾਂਪੁਰਸ਼ ਦੀ ਲੇਖਣੀ ਉੱਤੇ ਵਿਚਾਰ ਕਰਨ ਲਈ ਮੈਂ ਇਸ ਵਜਾਹ ਕਰਕੇ ਹਿਚਕਾਉਂਦਾ ਰਿਹਾ ਹਾਂ ਕਿ ਮੇਰੇ ਤੋਂ ਪੁਸਤਕ ਦੇ ਮਹਾਨ ਵਿਸ਼ੇ ਬਾਰੇ ਕੋਈ ਗੱਲ ਕਹਿ ਨਹੀਂ ਹੋਣੀ। ਸ਼ਾਇਦ ਇਸ ਦਾ ਕਾਰਨ ਇਹ ਵੀ ਹੈ ਕਿ ਮੇਰੇ ਮਨ ਉੱਤੇ ਪੂਰਵ-ਸਿਧਾਂਤਾਂ, ਵਿਚਾਰਾਂ, ਵਿਸ਼ਵਾਸਾਂ ਤੇ ਖਿਆਲਾਂ ਦੀ ਮੈਲ ਚੜ੍ਹੀ ਹੋਈ ਹੈ। ਅਜੂਨੀ ਦੇ ਸੰਪਾਦਕ ਪ੍ਰੋ: ਬਲਵਿੰਦਰਪਾਲ ਸਿੰਘ ਵਲੋਂ ਇਕ ਹੋਰ ਪੱਤਰ ਆਉਣ ਉੱਤੇ, ਮੈਂ ਅਗਾਊਂ ਮੁਆਫ਼ੀ ਮੰਗਦਾ ਹੋਇਆ, ਬਾਬਾ ਜੀ ਦੀ ਉਪਰੋਕਤ ਨਾਂ ਦੀ ਪੁਸਤਕ ਬਾਰੇ ਵਿਚਾਰ ਪੇਸ਼ ਕਰਨ ਦੀ ਆਗਿਆ ਮੰਗਦਾ ਹਾਂ।

ਬਾਬਾ ਜੀ ਦੀ ਪੁਸਤਕ ਦੀ ਇਕ ਸਮਰਥਾ ਤਾਂ ਇਹ ਮਹਿਸੂਸ ਕੀਤੀ ਜਾ ਸਕਦੀ ਹੈ ਕਿ ਇਸ ਪੁਸਤਕ ਨੇ ਲੇਖਕ ਦੇ ਮਨ ਵਿਚ,ਇਸ ਪੁਸਤਕ ਦੇ ਪਾਵਨ ਵਿਸ਼ੇ ਦੇ ਅਨੁਕੂਲ ਢੇਰ ਸਾਰੇ ਵਿਚਾਰ ਪੈਦਾ ਕਰ ਦਿੱਤੇ ਹਨ। ਬਾਬਾ ਜੀ ਦੀ ਪੁਸਤਕ ਦਾ ਵਿਸ਼ਾ "ਸ਼ਬਦ-ਗੁਰੂ"ਹੈ। ਮੇਰਾ ਵਿਚਾਰ ਹੈ ਕਿ ਸਿੱਖ ਜਗਤ ਸਪੱਸ਼ਟ ਰੂਪ ਵਿਚ ਸਿਰਫ ਇਕੋ ਇਕ "ਸ਼ਬਦ-ਗੁਰੂ" ਦਾ ਪੂਜਕ ਹੈ। ਯਾਦ ਰਹੇ ਉੱਚ-ਜਾਤੀ ਦੇ ਲੋਕ ਸ਼ਬਦ ਦੇ ਉਪਾਸ਼ਕ ਹੋਣ ਦੇ ਨਾਲ-ਨਾਲ ਬੁੱਤ-ਪੂਜਾ ਜਾਂ ਹੋਰ ਕਈ ਤਰ੍ਹਾਂ ਦੀ ਅਰਜਾ-ਪੂਜਾ ਵਿਚ ਵਿਸ਼ਵਾਸ਼ ਰੱਖਦੇ ਹਨ।

ਸਾਰਾ ਸੰਸਾਰ ਹੀ ਦਰਅਸਲ ਸ਼ਬਦ ਦਾ ਪੂਜਕ ਹੁੰਦਾ ਹੈ। ਸ਼ਬਦ ਹੀ ਮਨੁੱਖ ਨੂੰ ਉਤੇਜਿਤ ਕਰਦਾ ਹੈ। ਸ਼ਬਦ ਮਨ ਦੇਹੀ ਤੇ ਚਿੱਤ ਦਾ ਰਸਤਾ ਬਣਾਉਂਦਾ ਹੈ। ਪਰ ਇਹ ਅੰਤਰ ਕਰਨਾ ਬਣਦਾ ਹੈ ਕਿ ਹਰ "ਸ਼ਬਦ", ਜਿਸ ਦੀ ਪੂਜਾ ਸੰਸਾਰ ਕਰਦਾ ਹੈ ਜਾਂ ਭਾਰਤ ਵਿਚਲੇ ਲੋਕ ਕਰਦੇ ਹਨ, ਉਹ "ਸ਼ਬਦ ਗੁਰੂ"ਹੈ ਜਾਂ ਹੋਰ ਸ਼ਬਦ ਹੈ। "ਹੋਰ ਸ਼ਬਦ" ਤੋਂ ਮੇਰਾ ਭਾਵ ਬਿਪਰ ਸ਼ਬਦ ਤੋਂ ਹੈ। ਸ਼ਬਦ-ਗੁਰੂ ਦੀ ਪੂਜਾ ਤਦ ਹੀ ਹੋ ਸਕੇਗੀ ਜੇ ਬਿਪਰ-ਸ਼ਬਦ ਦੀ ਜਾਣਕਾਰੀ

271 ਉੱਤੇ ਸ਼ਬਦ ਦੀ ਭੇਦ-ਵੰਡ ਕਰਦੇ ਹਨ। ਚੋਂਪੜਾ ਅਨੁਸਾਰ ''ਸ਼ਬਦ ਦੇ ਆਮ (ਲੌਕਿਕ) ਅਤੇ ''ਵੈਦਿਕ ਵਾਕਾਂ'' ਦੀ ਵੰਡ ਤੋਂ ਦੋ ਹੋਰ ਭੇਦ ਕੀਤੇ ਜਾਂਦੇ ਹਨ।''

ਚੋਂਪੜਾ ਸਾਹਿਬ ਦਾ ਇਹ ਇਸ਼ਾਰਾ ਸਾਨੂੰ ''ਸ਼ਬਦ'' ਵਿਚ ਭੇਦ ਕਰਨ ਦਾ ਰਸਤਾ ਦਸਦਾ ਹੈ। ਮੇਰੇ ਵਿਚਾਰਾਂ ਵਿਚ ''ਸ਼ਬਦ'' ਤਿੰਨ ਤਰ੍ਹਾਂ ਦੇ ਹਨ।

ਪਹਿਲਾਂ ''ਲੌਕਿਕ-ਸ਼ਬਦ'' (ਯਾਨੀ ਸੰਸਾਰੀ)। ਹਰੇਕ ਸ਼ਬਦ ਵਿਚ ਤਾਕਤ ਹੁੰਦੀ ਹੈ। ਸੰਸਾਰੀ-ਸ਼ਬਦ ਵਿਚ ਵਕਤੀ ਤਾਕਤ ਹੋ ਸਕਦੀ ਹੈ। ਪ੍ਰੋ. ਬਲਵਿੰਦਰਪਾਲ ਸਿੰਘ ਦੀਆਂ ਚਿੱਠੀਆਂ (ਸੰਸਾਰੀ-ਸ਼ਬਦ), ਤਾਕਤ ਹਨ, ਜਿਸ ਨੇ ਮੈਨੂੰ ਊਰਜਾ ਦਿੱਤੀ ਹੈ। ਤਦੇ ਹਥਲਾ ਲੇਖ, ਲਿਖ ਹੋਇਆ। ਚਿੱਠੀਆਂ ਵਿਚ ਤਾਕਤ ਤਾਂ ਹੈ। ਸੀਮਤ ਹੋ ਸਕਦੀ ਹੈ।

ਦੂਜਾ ''ਬਿਪਰ-ਸ਼ਬਦ'' ਹੈ। ਬਿਪਰ ਸ਼ਬਦ ਨੂੰ ਆਪਣੀ ਤਾਕਤ ਤੇ ਲੌਕਿਕ-ਸ਼ਬਦ ਦੀ ਤਾਕਤ ਦਾ ਪਤਾ ਸੀ, ਤਦੇ ਦੇਸ਼ ਦੀ ਵੱਡੀ ਗਿਣਤੀ, (ਜਿਸ ਨੂੰ ਅੱਜਕਲ ਬਹੁਜਨ ਸਮਾਜ ਕਿਹਾ ਜਾਂਦਾ ਹੈ) ਨੂੰ ਇਸ ਨੂੰ ਪ੍ਰਾਪਤ ਕਰਨ ਦੀ ਆਗਿਆ ਨਹੀਂ ਸੀ। ਸ੍ਰੀ ਰਾਮਚੰਦਰ ਜੀ ਵੱਲੋਂ, ਬਹੁਜਨ ਸਮਾਜ ਦੇ ਸੰਤ ਸ਼ੰਬੂਕ ਜੀ ਦਾ ਇਤਹਾਸਿਕ ਜਾਂ ਪੌਰਾਣਿਕ ਕਤਲ ਇਸ ਦਾ ਠੋਸ ਪ੍ਰਮਾਣ ਹੈ ਕਿ ਭਾਰਤ ਵਰਗੇ ਦੇਸ਼ ਵਿਚ ''ਬਿਪਰ-ਸ਼ਬਦ'', ਬਾਰੇ ਇਸ ਲੇਖ ਵਿਚ ਢੁਕਵੀਂ ਥਾਂ ਉੱਤੇ ਦੋ ਕੁ ਨੁਕਤੇ ਹੋਰ ਦੱਸੇ ਜਾਣੇ ਹਨ।

ਪਰ ਮੈਂ, ਸੰਤ-ਬਾਬਾ ਜੀ ਦੀ ਪੁਸਤਕ ਉੱਤੇ ਧਿਆਨ ਕੇਂਦਰਿਤ ਕਰਦਾ ਹਾਂ। ਬਾਬਾ ਜੀ ਦੀ ਪੁਸਤਕ ਪਾਠਕ ਨੂੰ ਕਈ ਤਰ੍ਹਾਂ ਦੇ ਵਿਚਾਰ ਉਪਜਾਉਂਦੀ ਹੈ। ਮੈਨੂੰ ਇਕ ਦੂਜੇ ਨਾਲ ਸੰਬੰਧਿਤ ਵਿਚਾਰ ਛੇ-ਸਤ ਰੂਪਾਂ ਵਿਚ ਦਿਸੇ ਹਨ। ਪੁਸਤਕ ਦਾ ਇਕ ਵਿਚਾਰ, ਬਿਪਰ-ਸੰਸਕਾਰਾਂ ਵਿਚ ਚੱਲ ਰਹੇ ਅਜੇਹੇ ਲੇਖਕਾਂ ਬਾਰੇ ਹੈ, ਜੋ ਸਿਖ-ਜਗਤ ਦੇ ਲੋਕਾਂ ਨੂੰ ਕੁਰਾਹੇ ਪਾਉਣ ਉੱਤੇ ਤੁਲਿਆ ਹੋਇਆ ਹੈ। ਅਜੇਹੇ ਲੇਖਕਾਂ ਬਾਰੇ ਵੀ, ਮੈਂ ਕੁਝ ਰੌਸ਼ਨੀ ਪਾਉਣੀ ਚਾਹੁੰਦਾ ਹਾਂ।

ਬਾਬਾ ਜੀ ਦੀ ਪੁਸਤਕ ਦਾ ਪਹਿਲਾ ਵਿਚਾਰ ਇਹ ਹੈ ਕਿ ਸੰਸਾਰ ਦੇ ਹਰੇਕ ਪ੍ਰਾਣੀ ਦੀ ''ਆਪਣੀ ਮਰਜ਼ੀ'' ਹੈ ਕਿ ਉਹ ਕਿਸੇ ਦੇਹ-ਧਾਰੀ ਗੁਰੂ ਦੀ ਪੂਜਾ ਕਰੇ ਜਾਂ ਹੋਰ ਤਰ੍ਹਾਂ ਦੀ ਪੂਜਾ-ਅਰਚਾ ਕਰੇ। ਬਾਬਾ ਜੀ ਵਲੋਂ ''ਆਪਣੀ-ਮਰਜ਼ੀ'' ਉੱਤੇ ਆਖਣ ਦੀ ਗੱਲ, ਉਸੇ ਗੁਰੂ-ਲਿਵ ਵਿਚੋਂ ਨਿਕਲੀ ਆਵਾਜ਼ ਹੈ ਜਿਹੜੀ ਗੁਰੂ-ਲਿਵ, ਜਨੇਊ-ਪਹਿਨਣ ਦੇ ਮਸਲੇ ਉੱਤੇ ਉਂਝ ਤਾਂ ਕੁਰਬਾਨ ਹੋ ਜਾਂਦੀ ਹੈ। ਪਰ ਦੂਜੇ ਪਾਸੇ, ''ਸਿੱਖ'' ਨੂੰ ਜਨੇਊ ਪਹਿਨਣ ਤੋਂ ਵਰਜਦੀ ਵੀ ਹੈ।

ਬਾਬਾ ਜੀ ਪੁਸਤਕ ਵਿਚ ਦੂਜੇ ਵਿਚਾਰ ਉੱਤੇ ਜ਼ੋਰ ਦਿੰਦੇ ਹਨ ਕਿ ਸਿੱਖ-ਜਗਤ ਦਾ ਗੁਰੂ ''ਸ਼ਬਦ-ਗੁਰੂ'' ਹੀ ਹੈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਦੇ ਪ੍ਰਮਾਣ ਦੇਣ ਤੋਂ, ਬਿਨਾਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅੰਤਮ ਉਪਦੇਸ਼ (ਛੇ ਅਕਤੂਬਰ 1708 ਵਾਲਾ) ਪੁਸਤਕ ਵਿਚ ਦਰਜ ਹੈ ਕਿ ਸਿੱਖ ਲਈ ਸ੍ਰੀ ਗੁਰੂ ਗਰੰਥ ਸਾਹਿਬ ਹੀ ਗੁਰੂ ਹਨ।

ਬਾਬਾ ਜੀ ਪੁਸਤਕ ਵਿਚ ਜ਼ੋਰ ਰਹੇ ਹਨ ਕਿ ਕਿਸੇ ''ਦੇਹ-ਧਾਰੀ ਗੁਰੂ'' ਦੀ ਪੂਜਾ ਕਰਵਾਉਣ ਹਿਤ, ਸ੍ਰੀ ਗੁਰੂ ਗਰੰਥ ਸਾਹਿਬ ਜੀ ਪਾਵਨ-ਬਾਣੀ ਦੇ ਅਨਰਥ (ਗਲਤ ਅਰਥ) ਕਰਨੇ ਸ਼ੋਭਨੀਕ ਕਾਰਜ ਨਹੀਂ ਹੈ। ਅਜਿਹਾ ਕਰਨਾ ਸਿੱਖ ਜਗਤ ਦਾ ਅਪਮਾਨ ਹੈ। ਬਾਬਾ ਜੀ ਨੇ ਗੁਰੂ-ਲਿਵ ਵਿਚ ਜੁੜ ਕੇ ਬਾਣੀ ਦੇ ਗਲਤ ਅਰਥ ਕਰਨ ਨੂੰ ''ਸਿੱਖ-ਜਗਤ ਨੂੰ ਇਕ ਚੈਲਿੰਜ''ਕਰਨ ਦੇ ਤੁਲ ਆਖਿਆ ਹੈ।

ਪੁਸਤਕ ਦਾ ਚੌਥਾ ਵਿਚਾਰ ਇਹ ਹੈ ਕਿ ਜੇ ਕੋਈ ਸੰਸਾਰ ਵਿਚ ਨਵਾਂ ਪ੍ਰਾਣੀ ''ਸਿੱਖ ਅਖਵਾਉਣਾ'' ਚਾਹੁੰਦਾ ਹੈ। ਉਸ ਦਾ ਇਕੋ-ਇਕ ਗੁਰੂ, ''ਸ਼ਬਦ-ਗੁਰੂ'' ਹੈ।

ਸ਼ਬਦ-ਗੁਰੂ ਦਾ ਸਾਕਾਰ ਰੂਪ ਸ੍ਰੀ ਗੁਰੂ ਗਰੰਥ ਸਾਹਿਬ ਜੀ ਹਨ, ਜਿਸ ਵਿਚ ਗੁਰੂਆਂ ਤੋਂ ਬਿਨਾਂ, ਬਹੁਜਨ ਸਮਾਜ ਦੇ ਸੰਤਾਂ-ਭਗਤਾਂ ਦੀ ਬਾਣੀ ਵੀ ਦਰਜ ਹੈ। ਇਸ ਤਰ੍ਹਾਂ ''ਸ਼ਬਦ-ਗੁਰੂ'' ਸਮੇਂ, ਭੂਗੋਲਿਕ-ਖੇਤਰਾਂ ਤੇ ਮਜ਼ਹਬੀ-ਕਟੜਤਾ ਤੋਂ ਪਰੇ ਹੈ।

''ਬਿਪਰ-ਸ਼ਬਦ'' ਵਾਂਗ ਇਸ ਦੀ ਸੀਮਾ ਨਹੀਂ ਹੈ ਕਿ ''ਇਸ ਨੇ'' ਇਸ ਦੀ ਪੂਜਾ ਕਰਨੀ ਹੈ। ਪਰ ''ਉਸ ਨੂੰ'' ਪੂਜਾ ਕਰਨ ਦੀ ਮੁਕੰਮਲ ਮਨਾਹੀ ਹੈ। ਬਾਬਾ ਜੀ ਦੀ ਪੁਸਤਕ ਦਾ ਪੰਜਵਾਂ ਵਿਚਾਰ, ਮੈਨੂੰ ਇੰਜ ਮਾਲੂਮ ਹੋਇਆ ਹੈ ਕਿ ਭਾਵੇਂ ਸਿੱਖ-ਜਗਤ ਦਾ ਕੋਈ ਦੇਹ-ਧਾਰੀ ਗੁਰੂ ਨਹੀਂ ਹੋਵੇਗਾ। ਪਰ ਕੋਈ ਸੰਤ-ਪੁਰਸ਼, ਇਸ ਕਦਰ ਪੂਜਨੀਕ ਹੋ ਸਕਦਾ ਹੈ, ਜੋ ਆਪਣੀ ਮੰਨਤਾ ਕਰਵਾਉਣ ਦੀ ਬਜਾਏ, ਪ੍ਰਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਬੈਠਣ ਦਾ ਉਪਦੇਸ਼ ਦੇਈ ਜਾਂਦਾ ਹੋਵੇ। ਅਜੇਹੇ ਸੰਤ ਬ੍ਰਹਮ ਗਿਆਨੀ ਹੁੰਦੇ ਹਨ। ਸਿੱਖ-ਜਗਤ ਅਜੇਹੇ ਸੰਤਾਂ ਦਾ ਸਤਿਕਾਰ ਕਰਦਾ ਹੈ। ਭਾਵੇਂ ਉਹ ਪੀਰ ਬੁੱਧੂ-ਸ਼ਾਹ ਹੋਵੇ ਜਾਂ ਸੰਤ-ਬਾਬਾ ਕਬੀਰ ਸਾਹਿਬ ਹੋਣ।

ਪੁਸਤਕ ਦਾ ਛੇਵਾਂ ਵਿਚਾਰ, ਜੇ.ਆਰ.ਪੁਰੀ ਨਾਂ ਦੇ ਇਕ ਲੇਖਕ ਬਾਰੇ ਹੈ। ਜਿਸ ਨੇ ਇਕ ਪੁਸਤਕ ''ਗੁਰੂ ਨਾਨਕ ਦਾ ਰੂਹਾਨੀ ਉਪਦੇਸ਼'' ਲਿਖੀ ਹੈ। ਇਸ ਪੁਸਤਕ ਵਿਚ ਪੁਰੀ ਜੀ ਨੇ ਕਈ ਮਨਘੜਤ ਗੱਲਾਂ ਕੀਤੀਆਂ ਹਨ ਤੇ ਇਸ ਦੇ ਉੱਤਰ ਵਿਚ, ਬਾਬਾ ਜੀ ਨੇ ਗੁਰੂ-ਲਿਵ ਦੇ ਅੰਤਰਗਤ, ਪੁਰੀ ਨਾਲ ''ਗੋਸ਼ਟਿ'' ਕੀਤੀ ਹੈ ਕਿ ਪੁਰੀ ਨੇ, ''ਗੁਰਬਾਣੀ ਦੇ ਸ਼ਬਦਾਂ ਦੀ ਮਨਮੁਖੀ ਵਿਆਖਿਆ ਕਰਕੇ, ਸਰੀਰਕ ਗੁਰੂ ਨੂੰ ਅਹਿਮੀਅਤ ਪ੍ਰਦਾਨ ਕਰਕੇ ਝੂਠ ਤੇ ਕੁਫਰ ਤੋਲਿਆ ਹੈ।'' ਪੁਰੀ ਨੇ ਆਪਣੀ ਪੁਸਤਕ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਤਿੰਨ ਦੇਹ-ਧਾਰੀ ਗੁਰੂ ਦਸੇ ਹਨ। ਬਾਬਾ ਜੀ ਨੇ ਇਤਿਹਾਸਿਕ ਤੱਥਾਂ ਨਾਲ ਪੁਰੀ ਦੇ ਝੂਠ ਨੂੰ ਰੱਦ ਕੀਤਾ ਹੈ।

**(ਬਿਪਰ–ਸੰਸਕਾਰ ਵਿਚ ਚਲ ਰਹੇ ਲੇਖਕਾਂ ਬਾਰੇ)**

ਬਾਬਾ ਜੀ ਦਾ ਸਤਵਾਂ ਵਿਚਾਰ ਪੁਰੀ ਵਰਗੇ ਲੇਖਕਾਂ ਬਾਰੇ ਹੈ ਕਿ ਅਜੇਹੇ ਲੇਖਕਾਂ ਨੂੰ ''ਸਮਝਾਉਣ ਹਿਤ'' ਬਾਬਾ ਜੀ ਨੇ ਆਪਣੀ ਪੁਸਤਕ ਲਿਖੀ ਹੈ।

''ਲੇਖਕ ਨੂੰ ਸਮਝਾਉਣ'' ਵਾਲਾ ਵਿਚਾਰ, ਇਸ ਲੇਖਕ ਦਾ ਮਨਭਾਉਂਦਾ ਤੇ ਦੇਸ਼ ਦੇ ਬਹੁਜਨ-ਸਮਾਜ ਲੋਕਾਂ ਲਈ ਸਭ ਤੋਂ ਗੰਭੀਰ ਮਸਲਾ ਹੈ। ਬਹੁਜਨ ਸਮਾਜ ਲਈ ਜੋ ਨਰਕ ਪੈਦਾ ਕੀਤੇ ਹਨ। ਇਸ ਵਿਚ ਅਜੇਹੇ ਬੁੱਧੀਜੀਵੀਆਂ ਦਾ ਸਿੱਧਾ ਹੱਥ ਰਿਹਾ ਹੈ। ਇਤਿਹਾਸਿਕ ਪ੍ਰਮਾਣ ਦਿੱਤੇ ਜਾ ਸਕਦੇ ਹਨ। ਸ੍ਰੀ ਰਾਮਚੰਦਰ ਜੀ ਨੂੰ ਬਹੁਜਨ ਸਮਾਜ ਦੇ ਸੰਤ ਸ਼ੰਬੂਕ ਜੀ ਦਾ ਕਤਲ ਕਰਨ ਲਈ ਪ੍ਰੇਰਨ ਵਾਲੇ, ਅਸਲ ਵਿਚ ਅੱਠ ਬੁੱਧੀਜੀਵੀ (ਰਿਸ਼ੀਆਂ ਦੇ ਰੂਪ) ਵਿਚ ਹੀ ਸਨ।

(ਪੜ੍ਹੋ ਬਾਲਮੀਕੀ ਰਮਾਇਣ ਦਾ 76ਵਾਂ ਕਾਂਡ)

ਭਾਰਤ ਵਿਚ ਬੁੱਧੀਜੀਵੀਆਂ ਦੀ ਸੌ ਫੀਸਦੀ ਜਮਾਤ ਹੀ ਬਿਪਰ-ਸ਼ਬਦ ਦੇ ਅੰਤਰਗਤ ਲਿਖਦੀ ਹੈ। ਇਸ ਬਾਰੇ ਅੱਜ ਤੋਂ 60 ਵਰ੍ਹੇ ਪਹਿਲਾਂ ਡਾ.ਅੰਬੇਦਕਰ ਜੀ ਨੇ ''ਜਾਤਪਾਤ ਦਾ ਬੀਜ ਨਾਸ਼'' ਨਾਂ ਦੀ ਮਹਾਨ ਪੁਸਤਕ ਦੇ ਸਫਾ 100 ਉੱਤੇ ਕੁੱਝ ਕੁ ਬਦਲਵੇਂ ਅੱਖਰਾਂ ਵਿਚ ਜੋ ਲਿਖਿਆ ਹੈ ਉਸ ਨੂੰ ਪੜ੍ਹ ਕੇ ਬਾਬਾ ਜੀ ਦੀ ਪੁਸਤਕ ਦੀ ਅਹਿਮੀਅਤ ਵਿਚ ਵਾਧਾ ਹੁੰਦਾ ਹੈ। ਡਾ.ਅੰਬੇਦਕਰ ਜੀ ਅਜੇਹੇ ਬੁੱਧੀਜੀਵੀਆਂ ਬਾਰੇ ਲਿਖਦੇ ਹਨ:-

(ਅਸਲ ਵਿਚ ਇਹ ਪੁਸਤਕ ਲਿਖਤੀ ਭਾਸ਼ਣ ਹੈ)

''ਤੁਸੀਂ (ਬਿਪਰ-ਸ਼ਬਦ ਵਲੋਂ ਪੈਦਾ ਕੀਤੀ) ਜਾਤਪਾਤ ਨੂੰ ਕਿਵੇਂ ਤੋੜੋਗੇ? ਜਾਤ ਦੁਆਲੇ

ਬਣਾਈ ਗਈ ਇਕ ਕੰਧ ਹੈ ਜੋ ਅਜਿੱਤ ਹੈ। ਇਹ ਕੰਧ ਇਸ ਕਰਕੇ ਅਜਿੱਤ ਹੈ ਕਿ ਇਸ ਦੇ ਅੰਦਰ (ਉਚ-ਜਾਤਾਂ) ਦੀ ਬੁੱਧੀਜੀਵੀ ਸ਼੍ਰੇਣੀ ਖੜੀ ਹੈ। ਇਹ ਬੁੱਧੀਜੀਵੀ, ਭਾੜੇ ਦੇ ਟੱਟੂ ਕਿਸਮ ਦੇ ਸਿਪਾਹੀ ਨਹੀਂ ਹਨ। ਸਗੋਂ ਗ੍ਰਹਿ-ਭੂਮੀ ਲਈ ਲੜਨ ਵਾਲੀ ਫੌਜ ਹੈ। ਮੈਂ ਅਜੇਹਾ ਕਿਉਂ ਸੋਚਦਾ ਹਾਂ ਕਿ ਤੁਹਾਡੇ ਲਈ ਜਾਤ ਦੀ ਕੰਧ ਤੋੜਨਾ ਕਿਉਂ ਅਸੰਭਵ ਹੈ?'' (ਬਰੈਕਟ ਵਾਲੇ ਅੱਖਰ ਇਸ ਲੇਖਕ ਦੇ ਹਨ)। ਜਿਨਾਂ ਚਿਰ ਅਜੇਹੇ ਬੁੱਧੀਜੀਵੀ ਕਿਤਾਬਾਂ ਛਾਪਦੇ ਰਹਿਣਗੇ– (ਡਾ.ਅੰਬੇਦਕਰ ਦਾ ਉਤਰ ਇਸ ਲੇਖਕ ਵਲੋਂ)

ਡਾ. ਅੰਬੇਦਕਰ ਜੀ ਦੇ ਉਪਰੋਕਤ ਵਾਕ ਜ਼ੋਰ ਪਾਉਂਦੇ ਹਨ ਕਿ ਬਾਬਾ ਜੀ ਨੇ, ਪੁਰੀ ਵਰਗੇ ਲੇਖਕ ਨੂੰ ਜੇ ਗਲਤ ਸਾਬਤ ਕੀਤਾ ਹੈ ਤਾਂ ਠੀਕ ਕੀਤਾ ਹੈ। ਅਜੇਹੇ ਹੋਰ ਲੇਖਕ ਵੀ ਆਏ ਦਿਨ ਛੇੜਖਾਨੀਆਂ ਕਰਦੇ ਰਹਿੰਦੇ ਹਨ। 1981 ਤੋਂ ਪਹਿਲਾਂ ਅਰੁਣ-ਸ਼ੋਰੀ ਨਾਂ ਦੇ ਪੱਤਰਕਾਰ ਨੇ, ਪੁਰੀ ਵਾਂਗ ਹੀ ਲਿਖਿਆ ਸੀ। ਜਿਸ ਦਾ ਉੱਤਰ ਸਰਦਾਰ ਦਵਿੰਦਰ ਸਿੰਘ ਦੁੱਗਲ ਨੇ ਦਿੱਤਾ ਸੀ। ਫਿਰ 1991 ਤੋਂ ਪਹਿਲਾਂ ਰਾਜੇਂਦਰ ਸਿੰਹੁ ਨਿਰਾਲਾ ਨਾਂ ਦੇ ਲੇਖਕ ਨੇ ਸਿੱਖ-ਜਗਤ ਦੇ ''ਸ਼ਬਦ-ਗੁਰੂ'' ਸਿਧਾਂਤ ਨੂੰ ਗਲਤ ਕਰਨ ਲਈ ਕੁਫਰ ਤੋਲਿਆ ਸੀ। ਜਿਸ ਦਾ ਉੱਤਰ ਮਾਰਚ 1991 ਦੇ ਗੁਰਮਤਿ ਪ੍ਰਕਾਸ਼ ਵਿਚ, ਪ੍ਰਿੰਸੀਪਲ ਲਾਭ ਸਿੰਘ ਨੇ ਦਿੱਤਾ।

''ਸ਼ਬਦ-ਗੁਰੂ'', ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫ਼ੈਲ ਰਹੇ ਵਿਸ਼ਾਲ ਪ੍ਰਭਾਵ ਤੋਂ ਖ਼ਤਰਾ ਮਹਿਸੂਸ ਕਰਕੇ,''ਬਿਪਰ-ਸ਼ਬਦ'' ਦੇ ਅੰਤਰਗਤ ਅਜੇਹੇ ਲੇਖਕ ਜੋ ਕਰ ਰਹੇ ਹਨ, ਉਹ ਬਿਪਰ-ਪਰੰਪਰਾ ਵਿਚ ਹੀ ਕਰ ਰਹੇ ਹਨ। ਹਜ਼ਾਰਾਂ ਸਾਲ ਪਹਿਲਾਂ ਉਨ੍ਹਾਂ ਅਜੇਹਾ ਕਰਕੇ ਬੁੱਧ-ਸ਼ਬਦ, ਇਸ ਧਰਤੀ ਤੋਂ ਬਾਹਰ ਮਾਰ ਭਜਾਇਆ ਸੀ। ਅੱਜ ਉਹ ''ਸ਼ਬਦ-ਗੁਰੂ''ਨੂੰ ਉਸ ਦੀ ਭਾਰਤ-ਧਰਤੀ ਤੋਂ ਬਾਹਰ ਕੱਢਣਾ ਚਾਹੁੰਦੇ ਹਨ। ਬਾਬਾ ਜੀ ਨੇ ਅਜੇਹੇ ਲੇਖਕ ਦਾ ਨੋਟਿਸ ਲੈ ਕੇ ਸਿੱਖ-ਜਗਤ ਦੇ ਨਾਲ-ਨਾਲ ਦੇਸ਼ ਵਿਚ ਫੈਲੇ ਬਹੁਜਨ-ਸਮਾਜ ਉੱਤੇ ਅਪਾਰ ਕਿਰਪਾ ਕੀਤੀ ਹੈ।

(ਬਿਪਰ–ਸ਼ਬਦ ਬਾਰੇ)

ਅਸੀਂ ਲੇਖ ਦੇ ਮੁੱਢ ਵਿਚ ਇਕਬਾਲ ਨਾਰਾਇਣ ਚੌਂਪੜਾ ਦੀ ਪੁਸਤਕ ''ਭਾਰਤੀ ਦਰਸ਼ਨ'' ਦੇ ਹਵਾਲੇ ਨਾਲ ਸ਼ਬਦ ਭੇਦ ਵੰਡ ਕੀਤੀ ਹੈ। ਇੱਥੇ ਅਸੀਂ ਇਕਬਾਲ ਨਰਾਇਣ ਚੌਂਪੜਾ ਦੀ ਸ਼ਬਦ ਬਾਰੇ ਖੋਜ ਨੂੰ ਪੁਸ਼ਟੀ ਵਜੋਂ ਪੇਸ਼ ਕਰਨਾ ਚਾਹਾਂਗੇ ਤਾਂ ਕਿ ''ਸ਼ਬਦ-ਗੁਰੂ'' ਦੀ ਅਹਿਮੀਅਤ ਬਾਰੇ ਹੋਰ ਸੁਚੇਤ ਹੋ ਸਕੀਏ।

ਇਸ ਲੇਖਕ ਦੀ ਇਹ ਪੱਕੀ ਧਾਰਨਾ ਹੈ ਕਿ ਇਸ ਦੇਸ਼ ਵਿਚ ਸੰਤ ਜੈ ਦੇਵ (ਬੰਗਾਲ ਦੇ ਪੰਡਿਤ–1171 ਈਸਵੀ) ਤੋਂ ਪਹਿਲਾਂ ਤੇ ਅੱਜ ਤੱਕ ''ਬਿਪਰ-ਸ਼ਬਦ'' ਦੀ ਮਾਣਤਾ ਰਹੀ ਹੈ। ਉਂਜ ਅੱਜ ਕੱਲ੍ਹ ਕਮਜ਼ੋਰ ਪੈ ਰਹੀ ਹੈ।

ਇਹ ਮੰਨਿਆ ਜਾਂਦਾ ਰਿਹਾ ਹੈ। ਦੈਵੀ-ਸ਼ਕਤੀ ਵਜੋਂ ਮੰਨੇ ਜਾਣ ਵਾਲੇ ਧਾਰਮਿਕ-ਸ਼ਾਸ਼ਤਰ ਹੀ ''ਸ਼ਬਦ'' ਹੁੰਦੇ ਹਨ। ਇਹ ਭਾਰਤੀ ਪਰੰਪਰਾ ਰਹੀ ਹੈ।

ਇਕਬਾਲ ਨਰਾਇਣ ਚੌਂਪੜਾ ਆਪਣੀ ਪੁਸਤਕ ਦੇ ਸਫਾ 268 ਉੱਤੇ ਦੱਸਦੇ ਹਨ, ਗਿਆਨ ਜਾਂ ਬ੍ਰਹਮਗਿਆਨ ਪ੍ਰਾਪਤ ਕਰਨ ਦੇ ਸਾਧਨ (ਪ੍ਰਮਾਣ) ਕੁਮਾਰਿਲ ਭੱਟ ਅਨੁਸਾਰ ਤਾਂ ਛੇ ਪ੍ਰਮਾਣ ਹਨ। ਇਨ੍ਹਾਂ ਛੇਆਂ ਵਿਚੋਂ ਇਕ ਸ਼ਬਦ ਪ੍ਰਮਾਣ ਹੈ।

ਤੇ ਇਕ ਹੋਰ ਰਿਸ਼ੀ ਪ੍ਰਭਾਕਰ ਮੱਤ ਦੇ ਅਨੁਸਾਰ, ਇਹ ਪ੍ਰਮਾਣ ਪੰਜ ਹਨ, ਇਨ੍ਹਾਂ ਪੰਜਾਂ ਪ੍ਰਮਾਣਾਂ ਵਿਚ ਇਕ ਸ਼ਬਦ ਪ੍ਰਮਾਣ ਵੀ ਹੈ।

ਪਾਠਕ ਦੀ ਸਹੂਲਤ ਲਈ ਪੰਜਾਂ ਪ੍ਰਮਾਣਾਂ ਦੇ ਨਾਂ ਇਸ ਪ੍ਰਕਾਰ ਹਨ :-

1. ਪ੍ਰਤੱਖ ਪ੍ਰਮਾਣ
2. ਅਨੁਮਾਨ ਪ੍ਰਮਾਣ
3. ਸ਼ਬਦ ਪ੍ਰਮਾਣ
4. ਉਪਮਾਨ ਪ੍ਰਮਾਣ
5. ਮਾਨਤਾ ਪ੍ਰਮਾਣ

ਇਨ੍ਹਾਂ ਪੰਜਾਂ ਪ੍ਰਮਾਣਾਂ ਵਿਚੋਂ ''ਸ਼ਬਦ ਪ੍ਰਮਾਣ'' ਦਾ ਜ਼ੋਰ ਇਸ ਦੇਸ਼ ਵਿਚ ਰਿਹਾ ਹੈ। ਜਾਪਦਾ ਇੰਜ ਹੈ ਕਿ ਕਿਸੇ ਪੂਰਵ-ਜੁਗਤੀ ਮੁਤਾਬਕ ਹੀ, ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਅਕਾਲ ਪੁਰਖ ਸ਼ਕਤੀ ਨੇ ਖੁਦ ''ਸ਼ਬਦ-ਗੁਰੂ'' ਦਾ ਝੰਡਾ ਬੁਲੰਦ ਕਰਨ ਲਈ ਪ੍ਰੇਰਨਾ ਦਿੱਤੀ ਸੀ। ਤਦੇ ਗੁਰੂ ਜੀ ਆਪਣੀਆਂ ਉਦਾਸੀਆਂ ਦੌਰਾਨ,''ਸ਼ਬਦ-ਗੁਰੂ'' ਦੀ ਦੈਵੀ-ਤਲਾਸ਼ ਵਿਚ ਰਹੇ।

ਜਿਸ ''ਸ਼ਬਦ-ਪ੍ਰਮਾਣ'' ਨੂੰ ਚੌਪੜਾ ਸਾਹਿਬ, ਪ੍ਰਭਾਕਰ ਮੱਤ ਜਾਂ ਕੁਮਾਰਿਲ ਭੱਟ ਦੇ ਹਵਾਲਿਆਂ ਨਾਲ ਪੇਸ਼ ਕਰਦੇ ਹਨ। ਪਤਾ ਹੋਣਾ ਜ਼ਰੂਰੀ ਹੈ ਇਸ ''ਸ਼ਬਦ-ਪ੍ਰਮਾਣ'' ਦਾ ਸ੍ਰੋਮਾ ਕੀ ਹੈ? ਇਸ ਦਾ ਸੋਮਾ ਵੇਦ ਹਨ। ਇਸ ਦਾ ਸ਼ਬਦ ਚੌਪੜਾ ਜੀ, 270 ਸਫਾ ਉੱਤੇ ਪ੍ਰਭਾਕਰ ਦੇ ਕਥਨ ਨਾਲ ਇੰਜ ਦਿੰਦੇ ਹਨ: ''ਅਸਲੀ ਗਿਆਨ ਤਾਂ ਵੇਦ-ਵਾਕਾਂ ਤੋਂ ਹੀ ਮਿਲ ਸਕਦਾ ਹੈ। ਇਸ ਲਈ ਵੇਦ ਹੀ ਇਕੋ ਇਕ ਸ਼ਬਦ ਪ੍ਰਮਾਣ ਹਨ।''

ਕਿਉਂਕਿ ਵੇਦ ਦੀ ਵਿਆਖਿਆ ਬਿਪਰ ਹੀ ਕਰ ਸਕਦਾ ਸੀ। ਇਸ ਲਈ ਵੇਦ-ਵਾਕ ਹੀ''ਬਿਪਰ-ਸ਼ਬਦ'' ਹੈ। ਡਾ.ਅੰਬੇਦਕਰ ਦੀ ਪੁਸਤਕ ''ਜਾਤਪਾਤ ਦਾ ਬੀਜ ਨਾਸ਼'' ਦੇ ਸਫਾ 91ਤੋਂ ਲੈ ਕੇ 99 ਤੀਕ ਇਸ ਬਾਰੇ ਵਿਆਖਿਆ ਹੈ ਕਿ ਵੇਦਾਂ ਦਾ ਪੜਨਾ ਜਾਂ ਅਰਥ ਕਰਨ ਦਾ ਕਾਰਜ ਸਿਰਫ ਬਿਪਰ ਦਾ ਹੀ ਸੀ। ਮੰਨੂੰ ਮੁਤਾਬਕ ਬਿਪਰ ਹੀ ਚਾਰੇ ਵਰਨਾਂ ਦਾ ਗੁਰੂ ਹੈ। ''ਵਰਣਨਾਮ ਬ੍ਰਹਮਯੋ ਗੁਰੂ''।

ਸ.ਜਗਜੀਤ ਸਿੰਘ ਜੀ ''ਸਿੱਖ ਇਨਕਲਾਬ'' ਨਾਂ ਦੀ ਪੁਸਤਕ ਵਿਚ ਦਸਦੇ ਹਨ ਕਿ ''ਬਿਪਰ-ਸ਼ਬਦ'' ਤੋਂ ਇਨਕਾਰੀ ਮਨੁੱਖ ਨੂੰ ਮਲੇਛ ਤੇ ਨਾਸਤਿਕ ਕਿਹਾ ਜਾਂਦਾ ਸੀ। ਗੁਪਤ ਰਾਜਿਆਂ ਦੇ ਸਮੇਂ ਵਿਚ ਲਿਖੇ ਗਏ ਸੰਸਕ੍ਰਿਤ ਭਾਸ਼ਾ ਵਿਚ ਨਾਟਕਾਂ ਦੀ ਬੋਲਚਾਲ ਤੋਂ ਸਾਬਤ ਹੁੰਦਾ ਹੈ ਕਿ ਬੋਧੀ-ਲੋਕ ਜੋ ਬਿਪਰ-ਸ਼ਬਦ ਤੋਂ ਸਪੱਸ਼ਟ ਇਨਕਾਰੀ ਸਨ, ਉਹ ਬਿਪਰ ਤੇ ਉੱਚ-ਜਾਤਾਂ ਲਈ ਮਲੇਛ ਤੇ ਨਾਸਤਿਕ ਹੀ ਹੁੰਦੇ ਸਨ। ਅਸਲ ਵਿਚ ਇਸ ਦੇਸ਼ ਵਿਚ ਬਿਪਰ-ਸ਼ਬਦ ਦੀ ਪੂਜਾ ਕਾਰਨ ਹੀ ਜਾਤਪਾਤ, ਉਚ-ਨੀਚ ਤੇ ਵਿਤਕਰੇ ਆਦਿ ਘਿਨਾਉਣੇ-ਆਚਰਣ ਪੈਦਾ ਹੋਏ।

ਬੁੱਧ ਮੱਤ ਦੇ ਧਾਰਮਿਕ ਗਰੰਥਾਂ ਨੂੰ (ਜਿਨ੍ਹਾਂ ਨੂੰ ਰਾਹੁਲ ਸੰਕਰਤਾਇਨ 36 ਖੱਚਰਾਂ ਉੱਤੇ ਲੱਦ ਕੇ ਤਿਬਤ ਤੋਂ ਵਾਪਿਸ ਭਾਰਤ ਵਿਚ ਲੈ ਕੇ ਆਇਆ) ਬਿਪਰ ਸ਼ਬਦ ਦੇ ਵਿਰੋਧੀ ਹੋਣ ਕਰਕੇ, ਦੇਸ਼-ਨਿਕਾਲਾ ਦਿੱਤਾ ਗਿਆ ਸੀ।

ਇਸ ਪਰੰਪਰਾ ਵਿਚ ਵੀ ਪੁਰੀ ਵਰਗੇ ਲੇਖਕ, ਸਰੀਰ ਦੀ ਬੁੱਤ ਪੂਜਾ ਕਰਵਾ ਕੇ ਸ਼ਬਦ-ਗੁਰੂ ਨੂੰ ਜਾਂ ਤਾਂ ਦੇਸ਼ ਨਿਕਾਲਾ ਦੇਣ ਉੱਤੇ ਤੁਲੇ ਹੋਏ ਹਨ ਜਾਂ ਸ਼ਬਦ ਗੁਰੂ ਦੀ ਦੈਵੀ ਸ਼ਕਤੀ ਨੂੰ ਘਟਾਉਣ ਦੀ ਅਸਫਲ ਕੋਸ਼ਿਸ਼ ਕਰ ਰਹੇ ਹਨ।

**ਭਾਈ ਬਲਦੇਵ ਸਿੰਘ ਬੰਬੀਹਾ**

# ਸ਼ਬਦ ਗੁਰੂ

ਡਾ. ਸ਼ਮਸ਼ੇਰ ਸਿੰਘ, ਪਟਿਆਲਾ

ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸ਼ਬਦ ਨੂੰ ਵਿਦਵਾਨਾਂ ਦੁਆਰਾ ਸਿੱਖ ਧਰਮ, ਸਿੱਖ ਚਿੰਤਨ, ਸਿੱਖ ਸਭਿਆਚਾਰ ਅਤੇ ਸਿੱਖ ਮਰਿਯਾਦਾ ਦਾ ਬੁਨਿਆਦੀ ਅਤੇ ਕੇਂਦਰੀ ਬਿੰਦੂ ਸਵੀਕਾਰ ਕੀਤਾ ਗਿਆ ਹੈ । ਸ਼ਬਦ ਗੁਰੂ ਦਾ ਸਿਧਾਂਤ ਸਿੱਖ ਧਰਮ ਦੀ ਵਿਲੱਖਣਤਾ ਦਾ ਲਖਾਇਕ ਹੈ । ਸੰਸਾਰ ਦੇ ਕੁੱਝ ਧਰਮਾਂ ਨੇ ਸ਼ਬਦ ਨੂੰ ਮਹਾਨਤਾ ਤਾਂ ਦਿੱਤੀ ਹੈ, ਪ੍ਰੰਤੂ 'ਗੁਰੂ' ਕਿਸੇ ਨੇ ਨਹੀਂ ਮੰਨਿਆ । ਸ਼ਬਦ ਗੁਰੂ ਦਾ ਧਰਮ ਇਕ ਇਨਸਾਨੀਅਤ ਦਾ ਧਰਮ ਹੈ । ਮਿਸ ਪਰਲ ਬਕ ਨੇ ਠੀਕ ਹੀ ਕਿਹਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਸਮੇਂ ਤੇ ਦੇਸ਼ ਦੀਆਂ ਹੱਦਾਂ ਤੋਂ ਪਾਰ ਉਪਦੇਸ਼ ਦਿੰਦਾ ਹੈ । ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ 'ਧੁਰ ਕੀ ਬਾਣੀ', 'ਖਸਮ ਕੀ ਬਾਣੀ' 'ਸੱਚੀ ਬਾਣੀ' 'ਮਹਾਂਪੁਰਖ ਕੀ ਬਾਣੀ' 'ਉੱਚੀ ਬਾਣੀ' ਆਦਿ ਪਵਿੱਤਰ ਸ਼ਬਦਾਂ ਨਾਲ ਸਤਿਕਾਰਿਆ ਤੇ ਨਮਸਕਾਰਿਆ ਗਿਆ ਹੈ । ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਪ੍ਰਭੂ ਦੇ ਹੁਕਮ ਅੰਦਰ ਉਚਾਰਨ ਕੀਤੀ ਦਸਿਆ ਹੈ :

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ।

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 763)

ਸ਼ਬਦ ਦੋ ਪ੍ਰਕਾਰ ਦਾ ਮੰਨਿਆ ਗਿਆ ਹੈ :

1. ਆਹਤ : ਜੋ ਦੋ ਵਸਤੂਆਂ ਦੇ ਪਰਸਪਰ ਟਕਰਾਓ ਤੋਂ ਪੈਦਾ ਹੁੰਦਾ ਹੈ । ਆਵਾਜ਼, ਧੁਨੀ, ਜਾਂ ਬੋਲ ਲਈ ਦੋ ਵਸਤਾਂ ਦੇ ਮੇਲ ਦੀ ਜ਼ਰੂਰਤ ਹੈ ।

2. ਅਨਾਹਤ : ਇਹ ਧੁਨੀ, ਨਾਦ, ਸ਼ੋਰ ਆਪਣੇ ਆਪ ਪੈਦਾ ਹੁੰਦਾ ਹੈ ਅਤੇ ਨਿਰੰਤਰ ਚਲਦਾ ਰਹਿੰਦਾ ਹੈ । ਸੂਫ਼ੀ ਸੰਤਾਂ ਨੇ ਇਸ ਨੂੰ ਅਨਹਤ ਦਾ ਨਾਂ ਦਿੱਤਾ ਹੈ । ਇਹ ਕਦੇ ਫ਼ਨਾ ਨਹੀਂ ਹੁੰਦਾ ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਅਨਹਤ ਤੇ ਅਨਹਦ ਦੋਨੋਂ ਰੂਪ ਵਰਤੇ ਗਏ ਹਨ । ਇਹ ਸਰੀਰ ਦੇ ਨੌਂ ਦਰਵਾਜ਼ੇ ਬੰਦ ਕਰਕੇ ਦਸਵੇਂ ਦੁਆਰ ਵਿਚ ਸੁਣਿਆ ਜਾ ਸਕਦਾ ਹੈ । ਇਸ ਦੇ ਸੁਣਨ ਦੀ ਵਿਧੀ ਜੋਗੀਆਂ ਵਾਲੀ ਹੱਠ ਜੋਗ ਦੀ ਵਿਧੀ ਨਹੀਂ, ਗੁਰਮਤ ਵਿਚ ਹੱਠ ਜੋਗ ਦੀ ਥਾਂ ਸਹਿਜ ਜੋਗ, ਨਾਮ ਜੋਗ ਜਾਂ ਸੁਰਤ ਸ਼ਬਦ ਜੋਗ ਪ੍ਰਵਾਨ ਕੀਤਾ ਗਿਆ ਹੈ :

ਨਉ ਦਰ ਠਾਕੇ ਧਾਵਤੁ ਰਹਾਏ॥ ਦਸਵੈ ਨਿਜ ਘਰਿ ਵਾਸਾ ਪਾਏ॥<br>
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ ।

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 124)

ਸਾਧਾਰਨ ਅਰਥਾਂ ਵਿਚ ਕਿਸੇ ਵਸਤੂ ਦੇ ਸਰੂਪ ਦਾ ਬੋਧ ਕਰਾਉਣ ਵਾਲੀ ਧੁਨੀ ਨੂੰ ਸ਼ਬਦ ਕਿਹਾ ਹੈ । ਇਸ ਸ਼ਬਦ ਰਾਹੀਂ ਜਦੋਂ ਕਿਸੇ ਯਥਾਰਥ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਉਦੋਂ ਇਹ 'ਸ਼ਬਦ ਪ੍ਰਮਾਣ' ਬਣ ਜਾਂਦਾ ਹੈ । ਸ਼ਾਸਤਰਾਂ ਵਿਚ ਪ੍ਰਤੱਖ (ਸਾਹਮਣੇ) ਅਨੁਮਾਨ (ਇਕ ਵਸਤੂ ਤੋਂ ਦੂਸਰੀ ਦਾ ਗਿਆਨ) ਸ਼ਬਦ (ਵੇਦ ਵਾਕ) ਤੇ ਉਪਮਾਨ ਚਾਰ ਪ੍ਰਕਾਰ ਦੇ ਪ੍ਰਮਾਣ ਮੰਨੇ ਗਏ ਹਨ । ਜਿਨ੍ਹਾਂ ਪ੍ਰਮਾਣਾਂ ਦਾ ਸੋਰਤ ਮਨੁੱਖੀ ਜਗਤ ਜਾਂ ਇੰਦਰੀਆਂ ਹਨ, ਉਨ੍ਹਾਂ ਸਾਰਿਆਂ ਨੂੰ ਸਦੀਵੀ ਸਤ ਨਹੀਂ ਮੰਨਿਆ ਜਾ ਸਕਦਾ । ਜਿਨ੍ਹਾਂ ਦਾ ਸ੍ਰੋਤ ਪ੍ਰਭੂ ਗਿਆਨ ਦਾ ਸਿੱਧਾ ਅਨੁਭਵ ਹੈ, ਉਨ੍ਹਾਂ ਨੂੰ ਸਤ ਕਰਕੇ ਮੰਨਿਆ ਜਾਂਦਾ ਹੈ । ਗੁਰਮਤਿ ਅਨੁਸਾਰ ਸਤਿਗੁਰੂ ਦਾ ਸ਼ਬਦ ਹੀ ਆਖ਼ਰੀ ਤੇ

ਅਕੱਟ ਪ੍ਰਮਾਣ ਹੈ :

ਵਾਹੁ ਵਾਹੁ ਬਾਣੀ ਸਤਿ ਹੈ ਗੁਰਮੁਖਿ ਬੂਝੈ ਕੋਇ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1276)

'ਮਹਾਨ ਕੋਸ਼ ਦੇ ਕਰਤਾ ਨੇ ਸ਼ਬਦ ਦੇ ਅਰਥ, ਧੁਨੀ, ਆਵਾਜ਼, ਸੁਰ, ਪਦ, ਲਫ਼ਜ਼, ਗੁਫ਼ਤਗੂ, ਗੁਰ ਉਪਦੇਸ਼ , ਬ੍ਰਹਮ, ਕਰਤਾਰ, ਧਰਮ, ਮਜ਼ਹਬ, ਪੈਗ਼ਾਮ, ਸੁਨੇਹਾ ਆਦਿ ਲਏ ਹਨ । ਇਸ ਤੋਂ ਇਲਾਵਾ ਸ਼ਬਦ ਦਾ ਅਰਥ ਧਰਮੀ ਜੀਵਨ ਅਤੇ ਹੁਕਮ ਵੀ ਲਏ ਗਏ ਹਨ । ਅਧਿਆਤਮਕ ਖੇਤਰ ਵਿਚ ਸ਼ਬਦ ਨੂੰ ਬ੍ਰਹਮ, ਗੁਰੂ, ਬਚਨ, ਧੁਨੀ ਆਦਿ ਅਰਥਾਂ ਵਿਚ ਵਰਤਿਆ ਗਿਆ ਹੈ । ਇਸ ਦਾ ਵਿਚਾਰ ਸਾਡਾ ਮੁਖ ਵਿਸ਼ਾ ਹੈ । ਸ਼ਬਦ ਦੀ ਪਰਿਭਾਸ਼ਾ ਦੇ ਸੰਬੰਧ ਵਿਚ ਸਿਰਦਾਰ ਕਪੂਰ ਸਿੰਘ ਲਿਖਦੇ ਹਨ : ''ਸ਼ਬਦ ਉਹ ਤੱਤ ਹੈ ਜਿਸ ਨੂੰ ਜਾਣਦਿਆਂ ਸੱਚ ਦੀ ਸੋਝੀ ਹੁੰਦੀ ਹੈ ਅਤੇ ਸੱਚ ਨਾਲ ਇਕਮਿਕ ਹੋ ਜਾਈਦਾ ਹੈ ।''

(ਪਰਾਸਰ ਪਰਸ਼ਨਾ, ਪੰਨਾ 247)

ਉਪਰੋਕਤ ਵਰਣਨ ਪਰਿਭਾਸ਼ਾ ਦੇ ਅਧਾਰ 'ਤੇ ਇਹੀ ਕਿਹਾ ਜਾ ਸਕਦਾ ਹੈ ਕਿ ਸ਼ਬਦ, ਤਿੰਨ ਗੁਣਾਂ ਤੋਂ ਉੱਪਰ ਉੱਠ ਕੇ ਚੌਥੀ ਅਵਸਥਾ ਵਿਚ ਪਹੁੰਚੇ ਹੋਏ ਰੱਬੀ ਮਨੁੱਖ ਦੇ ਗਿਆਨ ਨੂੰ ਮਨੁੱਖੀ ਭਾਸ਼ਾ ਵਿਚ ਪ੍ਰਗਟ ਕਰਨ ਦਾ ਇਕ ਹਥਿਆਰ ਹੈ । ਸ਼ਬਦ, ਸਤ (ਹੋਂਦ), ਚਿਤ (ਗਿਆਨ), ਅਨੰਦ (ਪਰਮ ਪ੍ਰੇਮ), ਬ੍ਰਹਮ ਦੇ ਪਵਿੱਤਰ ਅਮਰ ਗਿਆਨ ਦਾ ਸਾਕਾਰ ਅੱਖਰੀ ਰੂਪ ਹੈ । ਸ਼ਬਦ ਇਕ ਪਾਸੇ ਆਤਮਿਕ ਗਿਆਨ ਹੈ, ਦੂਜੇ ਪਾਸੇ ਆਤਮਿਕ ਜੋਤ ਹੈ । ਇਸ ਜੋਤ ਨੇ ਸਿੱਖ ਸਤਿਗੁਰਾਂ ਦੇ ਹਿਰਦੇ ਰਾਹੀਂ ਪ੍ਰਗਟ ਹੋ ਕੇ ਲੱਗਭੱਗ 239 (1469-1708) ਸਾਲ ਮਨੁੱਖਤਾ ਦੀ ਅਗਵਾਈ ਕੀਤੀ । ਇਸ ਤੋਂ ਉਪਰੰਤ ਇਹ ਸ਼ਬਦ ਜਾਗਦੀ ਜੋਤ, ਜੁਗੋ ਜੁਗ ਅਟੱਲ ਸਰਬ ਕਲਾ ਭਰਪੂਰ, ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਬਿਰਾਜਮਾਨ ਹੈ । ਇਹ ਪਵਿੱਤਰ ਸ਼ਬਦ ਸਾਰੇ ਸੰਸਾਰ ਦੇ ਕਲਿਆਣ ਹਿਤ ਗੁਰੂ ਰਾਹੀਂ ਪ੍ਰਗਟ ਹੋਇਆ :

ਗੁਰ ਦਰਸਨਿ ਉਧਰੈ ਸੰਸਾਰਾ । ਜੇ ਕੋ ਲਾਏ ਭਾਉ ਪਿਆਰਾ ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 361)

ਗੁਰੂ ਸ਼ਬਦ ਆਵੇਸ਼ ਹੈ, ਕਲਪਨਾ ਨਹੀਂ । ਕਲਪਨਾ ਅਧਾਰਿਤ ਰਚਨਾ ਨਾ ਤਾਂ ਸਦਾ ਇਕ ਰਸ ਰਹਿੰਦੀ ਹੈ ਅਤੇ ਨਾ ਹੀ ਜੀਵ ਨੂੰ ਆਤਮਿਕ ਅਗਵਾਈ ਦੇ ਸਕਦੀ ਹੈ । ਕਲਪਨਾ ਦਾ ਸੰਬੰਧ ਗਿਆਨ ਇੰਦਰੀਆਂ ਨਾਲ ਹੁੰਦਾ ਹੈ, ਗੁਰੂ ਸ਼ਬਦ ਦਾ ਸੰਬੰਧ ਆਤਮਾ ਨਾਲ ਹੈ । ਕਲਪਿਤ ਗਿਆਨ ਵਿਚ ਬਾਹਰੀ ਰਸਮੀ ਸਜਾਵਟ ਹੁੰਦੀ ਹੈ। ਸ਼ਬਦ ਵਿਚ ਐਸਾ ਨਹੀਂ ਹੁੰਦਾ। ਕਲਪਿਤ ਗਿਆਨ ਬਾਹਰਮੁਖੀ ਜ਼ਿਆਦਾ ਹੁੰਦਾ ਹੈ । ਸ਼ਬਦ ਦਾ ਗਿਆਨ ਅੰਤਰਮੁਖੀ ਜ਼ਿਆਦਾ ਤੇ ਬਾਹਰਮੁਖੀ ਘੱਟ ਹੁੰਦਾ ਹੈ । ਸ਼ਬਦ ਦੇ ਅਨੁਭਵੀ ਗਿਆਨ ਨੂੰ ਉਚਾਰਨ ਸਮੇਂ ਗੁਰੂ ਪ੍ਰਭੂ ਨਾਲ ਇਕ ਸੁਰ ਹੁੰਦਾ ਹੈ । ਸ਼ਬਦ, ਪ੍ਰਭੂ ਦੇ ਆਪਣੇ ਬੋਲ ਹੁੰਦੇ ਹਨ । ਗੁਰੂ ਰਾਹੀਂ ਰਚਿਆ ਗਿਆ ਸ਼ਬਦ ਹੀ ਪ੍ਰਮਾਣਿਤ ਸ਼ਬਦ ਹੈ । ਗੁਰੂ ਤੋਂ ਬਿਨਾਂ ਕੀਤੀ ਗਈ ਕੋਈ ਰਚਨਾ ਕੱਚੀ ਬਾਣੀ ਮੰਨੀ ਗਈ ਹੈ । ਜਿਸ ਦੇ ਕਹਿਣ ਤੇ ਸੁਣਨ ਵਾਲੇ ਵੀ ਕੱਚੇ ਤੇ ਅਧੂਰੇ ਮੰਨੇ ਗਏ ਹਨ । ਤੀਸਰੇ ਗੁਰੂ ਦਾ ਕਥਨ ਹੈ :

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ...
ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ ।

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 920)

ਪ੍ਰਭੂ ਦੇ ਗੁਣਾਂ ਨੂੰ ਬਿਆਨ ਕਰਨ ਵਾਲੀ ਬਾਣੀ ਗੁਰੂ ਨੇ ਪ੍ਰਭੂ ਵਿਚ ਸੁਰਤ ਜੋੜ ਕੇ ਉਚਾਰਨ ਕੀਤੀ । ਗੁਰੂ ਹੀ ਇਸ ਦੇ ਡੂੰਘੇ ਭੇਦ ਨੂੰ ਸਮਝਦਾ ਹੈ;

ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ।
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ ।

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1243)

ਗੁਰਮਤਿ ਦਾ ਅਨਹਦ ਸ਼ਬਦ ਨਾਥਾਂ, ਜੋਗੀਆਂ ਦੇ ਅਨਹਤ ਸ਼ਬਦ ਨਾਲੋਂ ਵੱਖਰਾ ਤੇ ਸ੍ਰੇਸ਼ਠ ਹੈ । ਜੋਗੀ ਨਾਦ ਰਾਹੀਂ ਮਨ ਨੂੰ ਬ੍ਰਿਤੀਹੀਨ ਕਰ ਲੈਂਦੇ ਹਨ, ਫਿਰ ਨਾਦ ਦਾ ਖਹਿੜਾ ਛੱਡ ਕੇ ਨਿਰਵਿਕਾਰ ਅਵਸਥਾ ਵਿਚ ਚਲੇ ਜਾਂਦੇ ਹਨ । ਜੋਗੀ ਇਸ ਹੱਠ ਜੋਗ ਦੀ ਸਾਧਨਾ ਨਾਲ ਲੰਮੇਰੀ ਉਮਰ ਤਾਂ ਕਰ ਲੈਂਦੇ ਹਨ, ਪ੍ਰੰਤੂ ਬ੍ਰਹਮ ਸ਼ਬਦ ਦੇ ਅਨੁਭਵ ਤੋਂ ਸੱਖਣੇ ਰਹਿੰਦੇ ਹਨ । ਇਸ ਖ਼ਿਆਲ ਦੀ ਪ੍ਰੋੜਤਾ ਕਰਦੇ ਹੋਏ ਭਾਈ ਗੁਰਦਾਸ ਜੀ ਲਿਖਦੇ ਹਨ :

ਚਿਰ ਜੀਵਨ ਬਹੁ ਹੰਢਣੇ, ਦਰਸਨ ਪੰਥ ਨ ਸਬਦ ਸਿੰਵਾਤਾ ।

ਗੁਰਮਤਿ ਅਨੁਸਾਰ ਅਜਿਹਾ ਧੁਨੀਹੀਣ ਨਾਦ ਸੁਣਨ ਲਈ ਯੋਗ ਸਾਧਨਾ ਦੀ ਲੋੜ ਨਹੀਂ । ਗੁਰਸਿੱਖ ਨਾਮ ਸ਼ਬਦ ਦੇ ਅਭਿਆਸ ਨਾਲ ਇਹ ਅਵਸਥਾ ਸਹਿਜੇ ਹੀ ਪ੍ਰਾਪਤ ਕਰ ਲੈਂਦਾ ਹੈ ;

ਗੁਰਮਤਿ ਰਾਮੁ ਜਪੈ ਜਨੁ ਪੂਰਾ ।
ਤਿਤੁ ਘਟ ਅਨਹਤ ਬਾਜੇ ਤੂਰਾ ।

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 228)

ਗੁਰੂ ਸਾਹਿਬਾਨ ਦੇ ਸਮੇਂ ਦੋ ਪ੍ਰਕਾਰ ਦੀਆਂ ਧਾਰਾਵਾਂ ਪ੍ਰਚਲਿਤ ਸਨ । ਇਕ ਉਹ ਲੋਕ ਜਿਹੜੇ ਕੇਵਲ ਆਪਣੇ ਅੰਦਰ ਹੀ ਤਕਦੇ ਸਨ । ਇਨ੍ਹਾਂ ਲੋਕਾਂ ਨੇ ਸਮਾਜ ਅਤੇ ਗ੍ਰਹਿਸਤ ਨਾਲੋਂ ਆਪਣਾ ਨਾਤਾ ਤੋੜ ਲਿਆ ਸੀ । ਭਾਈ ਗੁਰਦਾਸ ਨੇ ਅਜਿਹੇ ਸਿੱਧਾਂ ਬਾਰੇ ਵਰਨਣ ਕੀਤਾ ਹੈ, ਜਿਹੜੇ ਪਰਬਤਾਂ ਵਿਚ ਛੁੱਪ ਕੇ ਬੈਠ ਗਏ ਸਨ । ਦੂਸਰੇ ਲੋਕ ਬਾਹਰੀ ਕਰਮ-ਕਾਂਡ ਵਾਲੇ ਸਨ, ਇਹ ਅਗਿਆਨਤਾ ਕਾਰਨ ਸ਼ਬਦ ਗਿਆਨ ਤੋਂ ਅਧੂਰੇ, ਤੀਰਥਾਂ ਤੇ ਭਟਕਣ ਆਦਿ ਪੂਜਾ ਨੂੰ ਹੀ ਜੀਵਨ ਆਦਰਸ਼ ਸਮਝਦੇ ਸਨ । ਇਨ੍ਹਾਂ ਲੋਕਾਂ ਬਾਰੇ ਵੀ ਗੁਰਬਾਣੀ ਵਿਚ ਜ਼ਿਕਰ ਆਇਆ ਹੈ :

ਕਿਆ ਭਵੀਐ ਸਚਿ ਸੂਚਾ ਹੋਇ ।
ਸਾਚ ਸਬਦ ਬਿਨੁ ਮੁਕਤਿ ਨ ਕੋਇ ।

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 938)

ਗੁਰੂ ਦੇ ਸ਼ਬਦ ਵਿਚ ਵਿਸਮਾਦੀ ਭੇਦ ਲੁਕਿਆ ਹੋਇਆ ਹੈ । ਸ਼ਬਦ ਬ੍ਰਹਮ ਦਾ ਚਿਤ ਰੂਪ ਹੋਣ ਕਰਕੇ ਗਿਆਨ ਹੈ । ਚੇਤਨਤਾ ਸਭ ਜੀਵਾਂ ਅੰਦਰ ਹੈ, ਆਤਮਾ ਜੀਵਨ ਹੈ, ਸ਼ਬਦ ਆਤਮਾ ਦਾ ਜੀਵਨ ਹੈ । 'ਜੀਆ ਅੰਦਰ ਜੀਉ ਸਬਦ ਹੈ' ਬ੍ਰਹਮ ਤੇ ਮਨੁੱਖੀ ਸੁਰਤ ਦੇ ਵਿਚਕਾਰ ਸ਼ਬਦ ਹੀ ਇਕ ਅਜਿਹੀ ਹਸਤੀ ਹੈ ਜੋ ਦੋਵਾਂ ਨੂੰ ਜੋੜਨ ਦੇ ਸਮਰੱਥ ਹੈ । ਸੁਰਤ ਹੀ ਬ੍ਰਹਮ ਦੇ ਵਿਸਮਾਦੀ ਭੇਦ ਨੂੰ ਸ਼ਬਦ ਰਾਹੀਂ ਪਛਾਣ ਸਕਦੀ ਹੈ । ਗੁਰੂ ਸ਼ਬਦ ਵਿਚ ਸੁਰਤ ਲਗਾਇਆਂ ਸੁਰਤ ਰੌਸ਼ਨ ਹੁੰਦੀ ਹੈ । ਸ਼ਬਦ ਸੁਰਤ ਦਾ ਮੇਲ ਹੀ ਪ੍ਰਭੂ ਪ੍ਰਾਪਤੀ ਹੈ :

ਕਾਇਆ ਕੰਚਨੁ ਸਬਦੁ ਵੀਚਾਰਾ॥
ਤਿਥੈ ਹਰਿ ਵਸੈ ਜਿਸ ਦਾ ਅੰਤ ਨ ਪਾਰਾਵਾਰਾ;

ਅਨਦਿਨੁ ਹਰਿ ਸੇਵਿਹੁ ਸਚੀ ਬਾਣੀ
ਹਰਿ ਜੀਉ ਸਬਦਿ ਮਿਲਾਇਦਾ ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1064)

ਸ਼ਬਦ ਗੁਰੂ ਵਿਚ ਜੁੜੀ ਸੁਰਤ ਬਾਹਰਮੁਖੀ ਨਾਲੋਂ ਅੰਤਰ-ਮੁੱਖੀ ਜ਼ਿਆਦਾ ਹੁੰਦੀ ਹੈ । ਨਿਰਗੁਣ ਬ੍ਰਹਮ ਨੂੰ ਸੁਰਤ ਜਦੋਂ ਸਰਗੁਣ ਪਸਾਰੇ ਵਿਚ ਜੋਤ ਰੂਪ ਵਿਚ ਤਕਦੀ ਹੈ ਤਾਂ ਉਹ ਵਿਸਮਾਦ ਵਿਚ ਆ ਜਾਂਦੀ ਹੈ । ਉਸ ਅੰਦਰ ਘਿਰਣਾ ਦੀ ਬਜਾਏ ਪ੍ਰੇਮ ਜਾਗਦਾ ਹੈ । ਵੈਰਾਗ ਦੀ ਥਾਂ ਰਾਗ ਪੈਦਾ ਹੁੰਦਾ ਹੈ । ਇਹੀ ਸੁਰਤ ਜਦੋਂ ਅੰਦਰ ਵੱਲ ਤਕਦੀ ਹੈ ਤਾਂ ਸ਼ਬਦ ਨਾਲ ਇਕ ਸੁਰ ਹੋ ਕੇ ਹਿਰਦੇ ਦੀਆਂ ਡੂੰਘਾਈਆਂ ਵਿਚ ਅਨਹਦ ਦੀ ਗੂੰਜ ਸੁਣਦੀ ਹੈ, ਜਿਵੇਂ ਪ੍ਰਭੂ ਨੂੰ ਦੇਖਣ ਵਾਲੀਆਂ 'ਅਖੜੀ ਬਿਅੰਨ' ਹਨ, ਤਿਵੇਂ ਅਨਹਦ ਸ਼ਬਦ ਸੁਰਤ ਨਾਲ ਹੀ ਸੁਣਿਆ ਜਾ ਸਕਦਾ ਹੈ ;

ਹਉ ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਅਗਾਜਾ ਰਾਮ ।

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 765)

ਉਪਰੋਕਤ ਵਰਨਣ ਖ਼ਿਆਲ ਤੋ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਸ਼ਬਦ ਇਕ ਪਾਸੇ ਤਾਂ ਮਨੁੱਖੀ ਚੇਤਨਾ ਦੀ ਆਤਮਿਕ ਧਾਰਾ ਹੈ, ਧੁਨੀ ਸਹਿਤ ਥਰਥਰਾਹਟ ਹੈ, ਉੱਥੇ ਦੂਸਰੇ ਪਾਸੇ ਇਹੀ ਧੁਨੀ, ਸਾਰੀ ਸ੍ਰਿਸ਼ਟੀ ਵਿਚ ਜੋਤ ਰੂਪ ਹੋ ਕੇ ਵਰਤ ਰਹੀ ਹੈ ;

ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ ।

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 945)

ਗੁਰੂ ਦਾ ਸ਼ਬਦ ਅਵਿਨਾਸ਼ੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਨੂੰ 'ਆਦਿ ਸ਼ਬਦ' 'ਪੁਰਖੋਤਮ' 'ਬ੍ਰਹਮ' 'ਬਾਣੀ ਨਿਰੰਕਾਰ' ਕਿਹਾ ਗਿਆ ਹੈ। ਸੰਸਾਰ ਰਚਨਾ ਤੋਂ ਪਹਿਲਾਂ ਸ਼ਬਦ ਗੁਪਤ ਰੂਪ ਵਿਚ ਸੀ।[2] ਇਹੀ ਸ਼ਬਦ ਲੋਕ ਤੇ ਪ੍ਰਲੋਕ, ਚਾਰੇ ਕੁੰਟਾਂ, ਚੌਦ੍ਹਾਂ ਭਵਨਾਂ, ਖੰਡਾਂ, ਬ੍ਰਹਿਮੰਡਾਂ, ਪੁਰੀਆਂ, ਆਕਾਸ਼ਾਂ ਵਿਚ ਪ੍ਰਗਟ ਹੁੰਦਾ ਹੈ। ਸ਼ਬਦ ਨਿਰੰਕਾਰ ਰੂਪ ਵਿਚ ਬ੍ਰਹਮ ਹੈ।[3] ਬ੍ਰਹਮਾ, ਬਿਸ਼ਨ, ਮਹੇਸ਼ ਉਸ ਦੇ ਦੁਆਰ ਤੇ ਖੜ੍ਹੇ ਨਮਸਕਾਰ ਕਰਦੇ ਹਨ।[4] ਸ਼ਬਦ ਸਤਿ ਸਰੂਪ ਹੈ।[5] ਪ੍ਰਕਾਸ਼ ਹੈ, ਪ੍ਰਕਾਸ਼ ਵਿਚ ਹੋਰ ਕੋਈ ਵਸਤ ਨਹੀਂ ਸਮਾ ਸਕਦੀ। ਇਸ ਲਈ ਸ਼ਬਦ ਉੱਚੇ ਤੋਂ ਉੱਚਾ ਹੈ । ਉਸ ਬਰਾਬਰ ਹੋਰ ਕੋਈ ਨਹੀਂ ਹੈ।[6] ਸ਼ਬਦ ਇਕ ਪਾਸੇ ਅਗਿਆਨਤਾ ਤੇ ਭਰਮ ਦਾ ਨਾਸ਼ ਕਰਦਾ ਹੈ, ਦੂਸਰੇ ਪਾਸੇ ਅੰਤਰ ਆਤਮਾ ਗਿਆਨ ਦਾ ਪ੍ਰਕਾਸ਼ ਕਰਦਾ ਹੈ।

ਸ਼ਬਦ, ਗੁਰਬਾਣੀ ਅਨੁਸਾਰ ਗੁਰੂ ਪੀਰ ਦਾ ਦਰਜਾ ਰੱਖਦਾ ਹੈ[7], ਗੁਰੂ ਅਕਾਲ ਪੁਰਖ ਦੀ ਉਹ ਸ਼ਕਤੀ ਹੈ ਜੋ ਸੰਸਾਰ ਵਿਚ ਅਧਰਮ ਦਾ ਨਾਸ਼ ਅਤੇ ਧਰਮ ਦੀ ਸਥਾਪਨਾ ਹਿਤ ਲੋਕਾਂ ਦੇ ਕਲਿਆਣ ਲਈ ਸਮੇ-ਸਮੇਂ ਪ੍ਰਕਾਸ਼ਵਾਨ ਹੁੰਦੀ ਹੈ । ਇਸ ਪ੍ਰਕਾਸ਼ਮਈ ਜੋਤ ਲਈ ਸਰੀਰ ਧਾਰਨ ਕਰਨਾ ਜ਼ਰੂਰੀ ਹੈ । ਸਰੀਰ ਇਕ ਸਾਧਨ ਹੈ । ਗੁਰੂ ਇਕ ਜੋਤ ਹੈ ਜੋ ਹਮੇਸ਼ਾਂ ਪ੍ਰਕਾਸ਼ਵਾਨ ਰਹਿੰਦੀ ਹੈ । ਉਹ ਪ੍ਰਕਾਸ਼ ਚੋਹਾਂ ਜੁਗਾਂ ਭਾਵ ਹਮੇਸ਼ਾਂ ਇਕ ਰਸ ਰਹਿੰਦਾ ਹੈ । ਗੁਰੂ ਸਰੀਰ ਵਿਚ ਹੁੰਦਾ ਹੋਇਆ ਵੀ ਅਸਰੀਰੀ ਹੁੰਦਾ ਹੈ । ਗੁਰੂ ਦੀ ਸੁਰਤ ਪ੍ਰਭੂ ਨਾਲ ਹਰ ਵਕਤ ਜੁੜੀ ਰਹਿੰਦੀ ਹੈ । ਸ਼ਬਦ ਦੀ ਇਹ ਜੋਤ ਚਾਰੇ ਜੁਗਾਂ ਵਿਚ ਕਾਇਮ ਰਹਿੰਦੀ ਹੈ :

ਸਬਦਿ ਸੂਰ ਜੁਗ ਚਾਰੇ ਅਉਧੂ ਬਾਣੀ ਭਗਤਿ ਵੀਚਾਰੀ ।

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 908)

ਸ਼ਬਦ ਤੋਂ ਬਿਨਾਂ ਜਿੱਥੇ ਸਾਰੇ ਜਗ ਤੇ ਸੱਤਾਂ ਦੀਪਾਂ[8] ਅੰਦਰ ਭਰਮ ਦਾ ਹਨ੍ਹੇਰਾ ਪਸਰਿਆ

ਹੋਇਆ ਮੰਨਿਆ ਹੈ, ਉੱਥੇ ਜੀਵ ਦੇ ਅੰਦਰ ਅਗਿਆਨਤਾ ਛਾਈ ਹੋਈ ਦੱਸੀ ਹੈ ।[9]ਸ਼ਬਦ ਦਾ ਪ੍ਰਕਾਸ਼ ਤਿੰਨਾਂ ਲੋਕਾਂ ਵਿਚ ਰਵਿਆ ਹੋਇਆ ਹੈ । ਇਸ ਦੇ ਵਿਚਾਰ ਦੀ ਸੋਝੀ ਗੁਰੂ ਰਾਹੀਂ ਪ੍ਰਾਪਤ ਹੁੰਦੀ ਹੈ । ਇਸ ਨੂੰ ਵਿਚਾਰ ਕਰਨ ਵਾਲਾ ਨਿਰਮਲ ਪਦ ਨੂੰ ਪ੍ਰਾਪਤ ਕਰਦਾ ਹੈ :

ਸਬਦੁ ਦੀਪਕੁ ਵਰਤੈ ਤਿਹੁ ਲੋਇ ।
ਜੋ ਚਾਖੈ ਸੋ ਨਿਰਮਲੁ ਹੋਇ ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 664)

ਸ਼ਬਦ ਦੀ ਵਿਚਾਰ ਤੇ ਅਮਲ ਮਨੁੱਖੀ ਜੀਵਨ ਦਾ ਮਨੋਰਥ ਹੈ।[10]ਗੁਰਸ਼ਬਦ ਦੀ ਅਗਵਾਈ ਨਾਲ ਆਪੇ ਦੀ ਪਹਿਚਾਣ, ਸੰਤੋਖ ਦੀ ਪ੍ਰਾਪਤੀ, ਸ਼ੰਕਾਵਾਂ ਦੀ ਨਵਿਰਤੀ, ਵਿਕਾਰਾਂ ਦਾ ਦਮਨ, ਦੁਖਾਂ ਤੋਂ ਛੁਟਕਾਰਾ, ਦੁਵਿਧਾ ਦਾ ਨਾਸ਼, ਰੋਗਾਂ ਤੋਂ ਸੁਤੰਤਰਤਾ, ਕਰਮਾਂ ਦਾ ਨਿਬੇੜਾ, ਕੁਬੁੱਧ ਦਾ ਤਿਆਗ, ਇਛਾਵਾਂ ਦਾ ਨਿਯੰਤਰਣ, ਸੰਸਾਰ ਤੋਂ ਨਿਰਲੇਪਤਾ, ਹਉਮੈਂ ਦਾ ਵਿਨਾਸ਼, ਆਤਮ ਰਸ ਦੀ ਪ੍ਰਾਪਤੀ, ਨਿਰਮਲ ਭਉ ਦੀ ਉਤਪਤੀ, ਆਦਰਸ਼ਕ ਜੀਵਨ ਲਈ ਦ੍ਰਿੜਤਾ, ਜੀਵਨ ਦੀ ਸਫ਼ਲਤਾ, ਨੈਤਿਕ ਗੁਣਾਂ ਦੀ ਉਪਲਬਧੀ, ਬੰਧਨਾਂ ਤੋਂ ਖਲਾਸੀ ਆਦਿ ਬਰਕਤਾਂ ਮਿਲਦੀਆਂ ਹਨ । ਸ਼ਬਦ ਅਮਰ ਵਸਤੂ ਹੈ । ਇਸ ਨੂੰ ਜਲ ਡੋਬ ਨਹੀਂ ਸਕਦਾ, ਤਸਕਰ ਚੁਰਾ ਨਹੀਂ ਸਕਦਾ, ਅਗਨੀ ਸਾੜ ਨਹੀਂ ਸਕਦੀ ।[11] ਸ਼ਬਦ ਮਨੁੱਖ ਦੀ ਅਗਿਆਨਤਾ ਦਾ ਨਾਸ਼ ਹੀ ਨਹੀਂ ਕਰਦਾ, ਸਗੋਂ ਉਸ ਨੂੰ ਰੱਬੀ ਗੁਣਾਂ ਨਾਲ ਭਰਪੂਰ ਕਰ ਦਿੰਦਾ ਹੈ :

ਸਤਿਗੁਰ ਸਬਦਿ ਉਜਾਰੋ ਦੀਪਾ ।
ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ ।

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 821)

ਗੁਰੂ ਦੀ ਮੂਰਤ ਗੁਰੂ ਦਾ ਸ਼ਬਦ ਹੈ । ਸਰੀਰ ਇਕ ਸਾਧਨ ਹੈ । ਦੇਹੀ ਹਮੇਸ਼ਾਂ ਨਹੀਂ ਰਹਿ ਸਕਦੀ । ਇਹ ਤਾਂ ਕਾਗਜ਼ ਦੇ ਸਮਾਨ ਹੈ, ਪਾਣੀ ਦੀ ਬੂੰਦ ਨਾਲ ਰਲ ਜਾਣ ਵਾਲੀ ਹੈ । ਗੁਰੂ ਦਾ ਦਰਸ਼ਨ ਵੀ ਸ਼ਬਦ ਹੈ । ਗੁਰੂ ਸਰੀਰ ਤੱਕ ਸੀਮਿਤ ਨਹੀਂ ਹੈ, ਸਰੀਰ ਦੇ ਹੀ ਦਰਸ਼ਨ ਕੀਤਿਆਂ ਮੁਕਤੀ ਨਹੀਂ ਮਿਲਦੀ, ਸ਼ਬਦ ਗੁਰੂ ਦਾ ਹਿਰਦਾ ਹੈ । ਸ਼ਬਦ ਦਾ ਵਿਚਾਰ ਜ਼ਰੂਰੀ ਹੈ । ਗੁਰੂ ਸਰੀਰ ਕਰਕੇ ਹਰ ਥਾਂ ਹਾਜ਼ਰ ਨਹੀਂ ਹੋ ਸਕਦਾ । ਸ਼ਬਦ ਸਰਬ-ਵਿਆਪੀ ਹੈ :

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ।
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ।

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 594)

ਸ਼ਬਦ ਜੋਤ ਦਾ ਪ੍ਰਕਾਸ਼ ਹਰ ਹਿਰਦੇ ਅੰਦਰ ਹੈ । ਇਹ ਜੋਤ ਆਪਣੇ ਯਤਨ ਨਾਲ ਪ੍ਰਕਾਸ਼ ਵਿਚ ਨਹੀਂ ਆਉਂਦੀ, ਗੁਰੂ ਦੀ ਜ਼ਰੂਰਤ ਪੈਂਦੀ ਹੈ । ਸਿੱਖੀ ਕਥਨ ਮਾਤਰ ਨਹੀਂ, ਇੱਥੇ ਅਮਲ ਦੀ ਲੋੜ ਹੈ । ਅਸੀਂ ਕੀ ਸੋਚਦੇ ਹਾਂ, ਕੀ ਕਰਨਾ ਚਾਹੁੰਦੇ ਹਾਂ, ਕੀ ਕਰਦੇ ਹਾਂ, ਨਾਲ ਇਤਨਾ ਸੰਬੰਧ ਨਹੀਂ । ਅਸਲ ਮੰਤਵ ਇਹ ਹੈ ਕਿ ਅਸੀਂ ਕੀ ਬਣ ਸਕੇ ਹਾਂ । ਗੁਰੂ ਦੀ ਸਿੱਖਿਆ ਨੂੰ ਅਮਲ ਵਿਚ ਲਿਆਉਣਾ ਸਿੱਖੀ ਦੀ ਪਹਿਲੀ ਪਉੜੀ ਹੈ ।

ਇਸੁ ਜਗ ਮਹਿ ਸਬਦੁ ਕਰਣੀ ਹੈ ਸਾਰੁ ॥
ਬਿਨੁ ਸਬਦੈ ਹੋਰੁ ਮੋਹੁ ਗੁਬਾਰੁ ।

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1342)

ਗੁਰਮਤਿ ਵਿਚ ਅਕਾਲ ਪੁਰਖ ਨੂੰ ਨਿਰਗੁਣ ਤੇ ਸਰਗੁਣ ਵਰਣਨ ਕਰਨ ਦੇ ਨਾਲ ਨਾਲ ਹੀ ਤੀਸਰਾ ਸ਼ਬਦ ਰੂਪ ਵਰਣਨ ਕੀਤਾ ਗਿਆ ਹੈ । ਇਸ ਵਿਚਾਰਧਾਰਾ ਨੂੰ ਨਿਰਗੁਣ ਬ੍ਰਹਮ, ਪੂਰਨ ਬ੍ਰਹਮ ਤੇ ਸ਼ਬਦ ਵੀ ਕਿਹਾ ਗਿਆ ਹੈ । ਭਾਈ ਗੁਰਦਾਸ ਨੇ ਨਿਰਗੁਣ ਬ੍ਰਹਮ ਨੂੰ ਪਾਰਬ੍ਰਹਮ, ਸਤਿਗੁਰੂ ਨੂੰ ਪੂਰਨ ਬ੍ਰਹਮ ਅਤੇ ਸ਼ਬਦ ਵਿਚ ਸੁਰਤ ਜੋੜਨ ਵਾਲੇ ਨੂੰ ਗੁਰ-ਚੇਲਾ ਕਥਨ ਕੀਤਾ ਹੈ ;

ਪਾਰ ਬ੍ਰਹਮ ਪੂਰਨ ਬ੍ਰਹਮ
ਸਬਦ ਸੁਰਤ ਸਤਿਗੁਰੂ ਗੁਰ ਚੇਲਾ ।

ਇਸ ਸਿਧਾਂਤ ਦੀ ਪੁਸ਼ਟੀ ਸਾਨੂੰ ਸਿੱਖ ਇਤਿਹਾਸ ਵਿਚੋਂ ਵੀ ਸਹਿਜੇ ਹੀ ਹੋ ਜਾਂਦੀ ਹੈ । ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਨੰਦ ਲਾਲ ਦੇ ਪ੍ਰਸ਼ਨ ਦੇ ਉੱਤਰ ਵਿਚ ਇਹੀ ਗੱਲ ਦ੍ਰਿੜ ਕੀਤੀ :

ਤੀਨ ਰੂਪ ਹੈ ਮੋਹ ਕੇ ਸੁਣੋ ਨੰਦ ਚਿਤ ਲਾਏ ।
ਨਿਰਗੁਣ ਸਰਗੁਣ ਗੁਰ ਸਬਦ ਕਹੋ ਤੋਹਿ ਸਮਝਾਏ ।

ਨਿਰਗੁਣ ਤੇ ਸਰਗੁਣ ਵਿਚ ਬ੍ਰਹਮ ਦੀ ਇਕਸਾਰਤਾ ਸ਼ਬਦ ਦੀ ਸੋਝੀ ਨਾਲ ਪ੍ਰਾਪਤ ਹੁੰਦੀ ਹੈ । ਕੁਦਰਤ ਵਿਚ ਕਾਦਰ ਦਾ ਜਲਵਾ ਸ਼ਬਦ ਭਿੱਜੀ ਆਤਮਾ ਹੀ ਤੱਕ ਸਕਦੀ ਹੈ । ਸ਼ਬਦ ਦੀ ਸੋਝੀ ਉਪਰੰਤ ਪ੍ਰਭੂ ਦੂਰ ਨਹੀਂ ਸਗੋਂ ਹਿਰਦੇ ਅੰਦਰ ਹੀ ਦਿਸ ਪੈਂਦਾ ਹੈ :

ਜਿਨਿ ਜਗੁ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤਿ ਜਾਣੋਵਾ ।
ਸਚੜਾ ਦੂਰਿ ਨ ਭਾਲੀਐ ਘਟਿ ਘਟਿ ਸਬਦੁ ਪਛਾਣੋਵਾ ।

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 581)

ਗੁਰੂ, ਗੁਰੂ ਕੇ ਸ਼ਬਦ ਅਤੇ ਸ਼ਬਦ ਦੀ ਵਿਚਾਰ ਵਿਚ ਪੂਰਨ ਏਕਤਾ ਹੀ ਜੀਵ ਲਈ ਪਾਰਬ੍ਰਹਮ ਨੂੰ ਪ੍ਰਾਪਤ ਕਰਨ ਦੇ ਲਕਸ਼ ਵਿਚ ਸਹਾਈ ਹੋ ਸਕਦੀ ਹੈ ।

ਸ਼ਬਦ ਅਖੰਡ ਹੈ, ਜੋਤ ਹੈ, ਜੋਤ ਸਾਨੂੰ ਵੱਖੋ-ਵੱਖਰੇ ਵਿਸ਼ਵਾਸ, ਧਰਮਾਂ ਤੇ ਜਾਤ, ਵਰਣ ਦੀਆਂ ਵੰਡੀਆਂ ਵਿਚ ਤੋੜਦੀ ਨਹੀਂ, ਸਗੋਂ ਜੋੜਦੀ ਹੈ । ਇਹ ਜੋਤ ਸਾਰੇ ਜੁਗਾਂ ਵਿਚ ਇਕਸਾਰ ਰਹਿੰਦੀ ਹੈ, ਵਧਦੀ-ਘਟਦੀ ਨਹੀਂ, ਏਕ ਤੋਂ ਅਨੇਕ ਹੋਣ ਉਪਰੰਤ ਵੀ ਅੰਤ ਨੂੰ ਏਕ ਹੀ ਰਹਿੰਦੀ ਹੈ । ਗੁਰਬਾਣੀ ਵਿਚ ਸ਼ਬਦ ਦਾ ਧਰਮ ਦ੍ਰਿੜ ਕਰਾਇਆ ਗਿਆ ਹੈ । ਜੋਗੀਆਂ ਦੀ ਗਿਆਨ-ਵਿਧੀ ਬ੍ਰਾਹਮਣਾਂ ਦੀ ਵੇਦ ਧਾਰਨਾ, ਖਤਰੀਆਂ ਦੀ ਸੂਰਮਗਤੀ ਅਤੇ ਦਲਿਤਾਂ ਵੱਲੋਂ ਤਿੰਨ ਵਰਗਾਂ ਦੀ ਸੇਵਾ ਵੱਖੋ-ਵੱਖਰੇ ਧਰਮ ਗੁਰਮਤਿ ਨੇ ਪ੍ਰਵਾਨ ਨਹੀਂ ਕੀਤੇ । ਸਗੋਂ ਇੱਥੇ ਸ਼ਬਦ ਧਰਮ ਦੇ ਵਿਸ਼ਵ-ਵਿਆਪੀ ਤੱਤ ਨੂੰ ਜੀਵਨ ਆਦਰਸ਼ ਦੀ ਪ੍ਰਾਪਤੀ ਲਈ ਦ੍ਰਿੜ ਕਰਾਇਆ ਹੈ ।

ਸ਼ਬਦ, ਗੁਰੂ ਵਲੋਂ ਦਿੱਤਾ ਗਿਆ ਨੀਸਾਣ ਹੈ । ਇਹ ਨੀਸਾਣ ਲੋਕ ਵਿਚ ਸੁਖ ਪ੍ਰਦਾਨ ਕਰਦਾ ਹੈ ਅਤੇ ਪਰਲੋਕ ਵਿਚ ਧਰਮੀ ਹੋਣ ਦੀ ਗਵਾਹੀ ਦੇ ਕੇ ਮੁਖ ਉੱਜਲਾ ਬਣਾਉਂਦਾ ਹੈ । ਸ਼ਬਦ ਇਕ ਟਕਸਾਲ ਹੈ ਜੋ ਮਨੁੱਖੀ ਸ਼ਖਸੀਅਤ ਨੂੰ ਸੁਆਰਨ ਦੀ ਸ਼ਕਤੀ ਰੱਖਦੀ ਹੈ । ਸ਼ਬਦ ਟਕਸਾਲ ਤੇ ਘੜਿਆ ਹੋਇਆ ਮਨੁੱਖ ਰੂਪੀ ਸਿੱਕਾ ਰੱਬੀ ਖਜ਼ਾਨੇ ਵਿਚ ਪ੍ਰਵਾਨ ਹੋਵੇਗਾ । ਸ਼ਬਦ ਪ੍ਰੇਮ ਰਸ ਦਾ ਪਿਆਲਾ ਹੈ । ਸ਼ਬਦ ਕੱਚ ਤੋਂ ਕੰਚਨ, ਬਿਖ ਤੋਂ ਅੰਮ੍ਰਿਤ, ਲੋਹੇ ਤੋਂ ਲਾਲ, (ਰਤਨ), ਪੱਥਰ ਤੋਂ ਹੀਰਾ, ਕਾਠ ਤੋਂ ਚੰਦਨ, ਪਸ਼ੂ ਪ੍ਰੇਤ ਤੋਂ ਦੇਵਤਾ ਬਣਾਉਣ ਦੇ ਸਮੱਰਥ ਹੈ । ਸ਼ਬਦ ਨਾਮ ਦੀ ਸ਼ਕਤੀ ਨੇ ਹੀ ਭਾਈ ਲਹਿਣੇ ਜੀ ਵਰਗੇ ਸਿੱਖ ਨੂੰ ਗੁਰੂ ਦੀ ਪਦਵੀ ਤੇ ਪਹੁੰਚਾ ਦਿੱਤਾ ਸੀ ;

ਤਿਤੁ ਨਾਮਿ ਰਸਕਿ ਨਾਨਕੁ ਲਹਣਾ ਥਪਿਓ ਜੇਨ ਸ੍ਰਬ ਸਿਧੀ ।

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1392)

ਸ਼ਬਦ, ਪ੍ਰਭੂ ਮਿਲਾਪ ਦਾ ਸਫਲ ਸਾਧਨ ਹੈ ਇਸ ਨੂੰ ਅੰਤਰ ਆਤਮੇ ਵਸਾਉਣ ਨਾਲ ਜੀਵ ਅੰਦਰੋਂ ਬਾਹਰੋਂ ਨਿਰਮਲ ਹੋ ਜਾਂਦਾ ਹੈ । ਜੀਵ ਜਮਦੂਤ ਦੀ ਫਾਹੀ ਤੋਂ ਬਚ ਜਾਂਦਾ ਹੈ, ਧਰਮ ਰਾਜ ਦਾ ਲੇਖਾ ਮੁਕ ਜਾਂਦਾ ਹੈ, ਸਦੀਵੀ ਸੁਖ ਮਿਲਦਾ ਹੈ ।[15] ''ਸ਼ਬਦ ਮਨ ਦੀ ਦੁਵਿਧਾ ਨਾਸ਼ ਕਰਕੇ ਡੋਲਦੇ ਮਨ ਨੂੰ ਸਥਿਰਤਾ ਬਖਸ਼ਦਾ ਹੈ । ਸ਼ਬਦ ਨਾਮ ਨੂੰ ਨਿਰੋਧਰ ਕਿਹਾ ਹੈ, ਇਸ ਦਾ ਅਸਰ ਕਦੀ ਵਿਅਰਥ ਨਹੀਂ ਜਾਂਦਾ ।[16]'' ਮੋਹ ਮਾਇਆ ਕਾਰਨ ਪੈਦਾ ਹੋਏ ਤਿੰਨੇ ਤਾਪ ਨਾਸ਼ ਤੋਂ ਜਾਂਦੇ ਹਨ । [17]''

ਸ਼ਬਦ ਦੇ ਵਿਚਾਰ ਨਾਲ ਹਉਮੈਂ ਮਰ ਜਾਂਦੀ ਹੈ । ਜੀਵ ਦਾ ਅਸਲ ਅਸਤਿਤਵ ਨਿਖਰ ਜਾਂਦਾ ਹੈ । ਫਿਰ ਗਿਆਨ ਇੰਦਰੀਆਂ ਤੇ ਕਾਮ ਇੰਦਰੀਆਂ ਸੰਜਮ ਵਿਚ ਕੰਮ ਕਰਦੀਆਂ ਹਨ, ਤਿਆਗ ਦੀ ਥਾਂ ਵੈਰਾਗ ਪੈਦਾ ਹੋ ਜਾਂਦਾ ਹੈ । ਸ਼ਬਦ ਵਿਚ ਮਰਿਆ ਮਨੁੱਖ ਅਮਰ ਹੋ ਜਾਂਦਾ ਹੈ । ਉਸ ਦਾ ਆਵਾਗਵਨ ਮਿੱਟ ਜਾਂਦਾ ਹੈ ।[18] ਮਨੁੱਖੀ ਮਨ ਦੇ ਕਈ ਜਨਮਾਂ ਦੀ ਮੈਲ ਬਾਹਰੀ ਕਰਮ-ਕਾਂਡਾਂ, ਵਰਤ ਨੇਮ, ਪੂਜਾ, ਅਰਚਾ ਤੇ ਅਠਾਹਠ ਤੀਰਥਾਂ ਦੇ ਇਸ਼ਨਾਨ ਨਾਲ ਸਾਫ਼ ਨਹੀਂ ਹੁੰਦੀ, ਨਿਉਲੀ, ਕਰਮ, ਕੁੰਡਲਿਨੀ, ਪ੍ਰਾਣਾਯਾਮ ਤੇ ਰਸਮੀ ਸਾਧਨਾ ਵੀ ਸਾਫ਼ ਨਹੀਂ ਕਰਦੀ ।[19] ਇਹ ਮੇਲ ਗੁਰ ਸੰਗਤ ਰੂਪੀ ਤੀਰਥ ਵਿਚ ਸ਼ਬਦ ਦੇ ਵਿਚਾਰ ਨਾਲ ਉਤਰਦੀ ਹੈ । ਸ਼ਬਦ ਦਾ ਵਿਚਾਰ ਵਿਚ ਸਾਰੇ ਜਪ-ਤਪ, ਪੂਜਾ-ਧਰਮ, ਇਸ਼ਨਾਨ ਆ ਜਾਂਦੇ ਹਨ;

ਸਰਲੇ ਕਰਮ ਧਰਮ ਸੁਚਿ ਸੰਜਮ ਜਪ ਤਪ ਤੀਰਥ ਸਬਦਿ ਵਸੇ ।

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1332)

ਹੁਣ ਤੱਕ ਅਸੀਂ ਸ਼ਬਦ ਦਾ ਬ੍ਰਹਮ ਰੂਪ, ਅਨਹਦ ਰੂਪ ਤੇ ਗੁਰਉਪਦੇਸ਼ ਰੂਪ ਤਿੰਨੇ ਪੱਖ ਵਿਚਾਰਨ ਦਾ ਯਤਨ ਕੀਤਾ ਹੈ । ਬ੍ਰਹਮ ਦਾ ਨਿਰਗੁਣ ਪੱਖ ਅਕੱਥ, ਅਗੋਚਰ ਅਤੇ ਅਗੰਮ ਹੈ, ਬ੍ਰਹਮ ਆਪਣੀ ਸ਼ਬਦ ਸ਼ਕਤੀ ਰਾਹੀਂ ਹੁਕਮ ਰੂਪ ਹੋ ਕੇ ਪ੍ਰਗਟ ਹੁੰਦਾ ਹੈ, ਉਹ ਜੋਤ ਰੂਪ ਵਿਚ ਸਾਰੇ ਬ੍ਰਹਿਮੰਡ ਵਿਚ ਰਵਿਆ ਹੋਇਆ ਹੈ ।[20] ਇਸੇ ਸ਼ਬਦ ਸ਼ਕਤੀ ਨਾਲ ਸੰਸਾਰ ਦੀ ਉਤਪਤੀ ਤੇ ਪਰਲੋ ਹੁੰਦੀ ਹੈ । [21] ਇਕੋ ਸ਼ਬਦ ਸ਼ਕਤੀ ਹੀ ਨਿਰਗੁਣ ਤੇ ਸਰਗੁਣ ਵਿਚ ਵਰਤ ਰਹੀ ਹੈ ।[22] ਚੋਹਾਂ ਜੁਗਾਂ ਵਿਚ ਇਸ ਸ਼ਬਦ ਨਾਮ ਨੇ ਜੀਵ ਦਾ ਨਿਸਤਾਰਾ ਕੀਤਾ ਹੈ ।[23] ਹੁਕਮ ਨਾਮ ਤੇ ਸ਼ਬਦ ਇਕੋ ਅਸਲੀਅਤ ਦੇ ਤਿੰਨ ਪੱਖ ਦਰਸਾਏ ਗਏ ਹਨ;

ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁ ਦਿਸਿ ਨਾਮ ਪਤਾਲੰ ।
ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ ਕਰਮਿ ਮਿਲੈ ਬੈਆਲੰ

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1275)

ਗੁਰੂ ਨਾਨਕ ਨੇ ਪਾਰਬ੍ਰਹਮ ਤੋਂ ਪ੍ਰਾਪਤ ਇਸ ਸ਼ਬਦ ਨਾਲ ਨੌ ਖੰਡ ਪ੍ਰਿਥਵੀ ਨੂੰ ਸੱਚ ਦਾ ਸੁਨੇਹਾ ਦਿੱਤਾ । ਸਿੱਧ ਮੰਡਲੀ ਨਾਲ ਗੋਸ਼ਟ ਕਰਕੇ ਆਪਣਾ 'ਨਿਰਮਲ ਪੰਥ' ਨਿਰਾਲਾ ਕੀਤਾ । ਸਿੱਧਾਂ ਦੇ ਮਨ ਨੂੰ ਸ਼ਾਂਤੀ ਬਖਸ਼ੀ । ਇਸੇ ਸ਼ਬਦ ਨੇ ਸੱਜਣ ਠੱਗ ਦੀ ਕਾਇਆ ਕਲਪ ਕੀਤੀ । ਗੁਰੂ ਨਾਨਕ ਦੇਵ ਜੀ ਦੇ ਨੌ ਉਤਰਾਧਿਕਾਰੀਆਂ ਨੇ ਇਸੇ ਸ਼ਬਦ ਨੂੰ ਆਪਣੀ ਬਾਣੀ ਵਿਚ ਦ੍ਰਿੜ ਕਰਵਾਇਆ । ਸ਼ਬਦ ਜਦੋਂ ਪੋਥੀ ਰੂਪ ਧਾਰਨ ਕਰ ਗਿਆ ਤਾਂ ਗੁਰੂ ਅਰਜਨ ਦੇਵ ਜੀ ਨੇ ਆਪਣਾ ਆਸਣ ਥੱਲੇ ਲਾਉਣਾ ਸ਼ੁਰੂ ਕਰ ਦਿੱਤਾ । ਸ਼ਬਦ ਦੀ ਮਹਾਨਤਾ ਵੱਧਣ ਤੇ ਗੁਰੂ ਸਾਹਿਬ ਨੇ ਸਰੀਰ ਨੂੰ ਸੰਕੋਚਣਾ ਸ਼ੁਰੂ ਕਰ ਦਿੱਤਾ । ਸੋਹਨ ਕਵੀ ਲਿਖਦਾ ਹੈ :

ਭੂਮ ਸੈਨ ਨਿਤ ਪ੍ਰੂਤ ਕਰੈ ਗੁਰੂ ਗ੍ਰੰਥ ਕੇ ਪਾਸ ।

ਭਾਈ ਸੰਤੋਖ ਸਿੰਘ ਜੀ ਫਰਮਾਉਂਦੇ ਹਨ ਕਿ : ਗੁਰੂ ਜੀ ਸਰੀਰ ਕਰਕੇ ਨਾ ਤਾਂ ਹਰ ਥਾਂ ਹਾਜ਼ਰ ਹੋ ਸਕਦੇ ਹਨ ਅਤੇ ਨਾ ਹੀ ਸਰੀਰ ਕਰਕੇ ਹਮੇਸ਼ਾਂ ਲਈ ਰਹਿ ਸਕਦੇ ਸਨ । ਸ਼ਬਦ ਜੋ ਗੁਰੂ ਦਾ ਹਿਰਦਾ ਹੈ, ਜੋਤ ਹੈ ਹਮੇਸ਼ਾਂ-ਹਮੇਸ਼ਾਂ ਲਈ ਕਾਇਮ ਰਹਿਣ ਵਾਲੀ ਅਤੇ ਅਗਵਾਈ ਦੇਣ ਵਾਲੀ ਸ਼ਖਸੀਅਤ ਹੈ । ਭਾਈ ਮਨੀ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਅੰਤਿਮ ਸਮੇਂ ਕਹੇ ਸ਼ਬਦਾਂ ਨੂੰ ਇਸ ਤਰ੍ਹਾਂ ਅੰਕਿਤ ਕੀਤਾ :

"ਤੁਸੀਂ ਸਬਦ ਤੇ ਗੁਰੂ ਨੂੰ ਇਕੋ ਰੂਪ ਜਾਣਨਾ....ਸਤਿਗੁਰੂ ਤੇ ਪਰਮੇਸ਼ਵਰ ਵਿਚ ਭੇਦ ਨਹੀਂ ਜਾਣਨਾ, ਸਰੀਰ ਮੇਰਾ ਸਰਗੁਣ ਹੈ ਤੇ ਸ਼ਬਦ ਮੇਰਾ ਰਿਦਾ ਹੈ । ਨਿਰਗੁਣ ਰੂਪ ਹੈ, ਜੋ ਸਰੀਰ ਨਾਲ ਮਿਲੋਗੇ ਤਾਂ ਫਿਰ ਵੀ ਵਿਛੜੋਗੇ ਤੇ ਸ਼ਬਦ ਨਾਲ ਮਿਲੋਗੇ ਤਾਂ ਵਿਛੜੋਗੇ ਨਹੀਂ ।

ਗਿਆਨੀ ਗਿਆਨ ਸਿੰਘ ਨੇ ਵੀ 'ਸ੍ਰੀ ਗੁਰੂ ਪੰਥ ਪ੍ਰਕਾਸ਼' ਵਿਚ ਗੁਰੂ ਜੀ ਦੇ ਉੱਤਰ ਦਾ ਜ਼ਿਕਰ ਕੀਤਾ ਹੈ, ਜਿਸ ਦਾ ਸਾਰ ਭਾਵ ਹੈ :

ਅਸੀਂ ਤੁਹਾਨੂੰ ਐਸੇ ਗੁਰੂ ਦੇ ਲੜ ਲਾਉਂਦੇ ਤਾਂ ਜੋ ਕਦੀ ਕਾਇਆ ਨਾ ਬਦਲੇ ਸਦਾ ਇਕ ਰਸ ਅਮਰ...ਪੱਖਪਾਤ ਬਿਨਾ ਉਪਦੇਸ਼ ਕਰਦਾ ਰਹੇ । ਐਸਾ ਸਮਦਰਸੀ ਨਿਰਬਿਕਾਰ ਅਥਾਹ ਸਤਿਗੁਰੂ ਥਾਪਾਂਗੇ ਜੋ ਤੁਹਾਡੀਆਂ ਸਰਬ ਕਾਮਨਾਵਾਂ ਪੂਰੀਆਂ ਕਰਦਾ ਰਹੇ ।

## ਹਵਾਲੇ


1. ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਗੂਜਰੀ ਮ.3, ਪੰਨਾ 515.2. ਉਹੀ, ਰਾਮਕਲੀ ਮ 1, ਪੰਨਾ 945.
3. ਉਹੀ, ਸਿਰੀ ਰਾਗ ਮ. 3, ਪੰਨਾ 39. 4. ਉਹੀ, ਮਾਰੂ ਮ. 1, ਪੰਨਾ 1022.
5. ਉਹੀ, ਗਉੜੀ ਮ. 4 ਪੰਨਾ 304. 6. ਉਹੀ, ਗੁਜ਼ਰੀ ਮ. 3 , ਪੰਨਾ 515.
7. ਉਹੀ, ਸੋਰਠਿ ਮ 1, ਪੰਨਾ 635. 8. ਭਾਈ ਗੁਰਦਾਸ, ਵਾਰ 29.8-2
9. ਗੁਰੂ ਗ੍ਰੰਥ ਸਾਹਿਬ ਜੀ, ਮਾਝ ਮ. 3, ਪੰਨਾ 124. 10. ਉਹੀ ਸੋਰਠਿ ਮ.3, ਪੰਨਾ 601,
11. ਉਹੀ ਧਨਾਸਰੀ ਮ. 5, ਪੰਨਾ 679. 12. ਭਾਈ ਗੁਰਦਾਸ ਵਾਰ 24, 25-7.
13. ਉਹੀ, ਆਸਾ ਵਾਰ ਮ. 2, ਪੰਨਾ 469. 14. ਉਹੀ, ਬਸੰਤ ਮ. 1, ਪੰਨਾ 1118.
15. ਉਹੀ, ਮਾਰੂ ਮ. 3, ਪੰਨਾ 1053-54. 16. ਉਹੀ, ਰਾਮਕਲੀ ਮ.1, ਪੰਨਾ 931.
17. ਉਹੀ, ਆਸਾ ਮ. 5, ਪੰਨਾ 377. 18. ਉਹੀ, ਸਿਰੀ ਰਾਗ ਮ. 1, ਪੰਨਾ 58.
19. ਉਹੀ, ਮਾਰੂ ਮ. 1, ਪੰਨਾ 1043, ਪੰਨਾ 753. 20. ਉਹੀ, ਆਸਾ ਮ.1, ਪੰਨਾ 351.
21. ਉਹੀ, ਮਾਝ ਮ. 3. ਪੰਨਾ 117. 22. ਉਹੀ, ਪ੍ਰਭਾਤੀ ਮ. 3, ਪੰਨਾ 1334.
23. ਉਹੀ, ਮਾਰੂ ਮ. 3, ਪੰਨਾ 1055 .

# ਗੁਰਮਤਿ ਵਿਚ ਸਹਿਜਧਾਰੀ ਸਿੱਖਾਂ ਦੀ ਮਹੱਤਤਾ

ਡਾ: ਮਾਨ ਸਿੰਘ ਨਿਰੰਕਾਰੀ ਅੰਮ੍ਰਿਤਸਰ

ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਜਿਤਨੇ ਪੁਰਸ਼ ਗੁਰੂ ਸਾਹਿਬ ਦੇ ਉਪਦੇਸ਼ ਧਾਰਨੀ ਬਣੇ, ਉਨ੍ਹਾਂ ਦੀ ਸੰਗਿਆ ਸਿੱਖ, ਸ਼ਿਸ਼, ਵਿਦਿਆਰਥੀ ਅਥਵਾ ਜਗਿਆਸੂ ਪੈ ਗਈ। ਕਈ ਵਿਦੇਸ਼ੀ ਇਤਿਹਾਸਕਾਰਾਂ ਤੇ ਦੂਜੇ ਮਤ-ਮਤਾਂਤਰਾਂ ਦੇ ਮੰਨਣ ਵਾਲਿਆਂ ਨੇ ਸਿੱਖਾਂ ਨੂੰ ਨਾਨਕ-ਪੰਥੀ ਕਰਕੇ ਸੰਬੋਧਨ ਕੀਤਾ ਹੈ। 'ਸਿੰਘ' ਪਰੰਪਰਾ 1699 ਈ: ਦੀ ਵਿਸਾਖੀ ਵਾਲੇ ਦਿਨ, ਖੰਡੇ ਦੀ ਪਾਹੁਲ ਛਕਣ ਤੋਂ ਮਗਰੋਂ ਪ੍ਰਾਰੰਭ ਹੋਈ। ਭਾਰਤੀ ਸੰਸਕ੍ਰਿਤੀ ਵਿਚ ਇਸ ਤੋਂ ਪਹਿਲਾਂ 'ਸਿੰਘ' ਲਕੁਬ ਰਾਜਪੂਤ ਆਪਣੇ ਨਾਂ ਨਾਲ ਵਰਤਦੇ ਸਨ ਤੇ ਵਰਤਦੇ ਹਨ। ਇਹ ਲਕੁਬ ਵਿਸ਼ੇਸ਼ ਕਰਕੇ ਜੰਗੀ ਯੋਧਿਆਂ ਤੇ ਰਾਜਪੂਤ ਦਾ ਉਪਨਾਮ ਹੈ। ਦਸਮ ਪਾਤਸ਼ਾਹ ਨੇ 'ਸਿੰਘ' ਲਕੁਬ ਨੂੰ ਉਨ੍ਹਾਂ ਸਿੱਖਾਂ ਲਈ ਵਰਤਿਆ ਹੈ, ਜਿਨ੍ਹਾਂ ਨੇ ਖੰਡੇ ਦੀ ਪਾਹੁਲ ਛਕੀ।

'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਦਾ ਕਰਤਾ ਕੇਸਰ ਸਿੰਘ ਛਿੱਬਰ ਸਿੱਖਾਂ ਨੂੰ ਚਾਰ ਸ਼੍ਰੇਣੀਆਂ ਵਿਚ ਵੰਡਦਾ ਹੈ.

ਬਚਨ ਕੀਤਾ ਦੀਦਾਰੀ ਸੋ ਜੋ ਰਹਿਨ ਅਸਾਡੇ ਨਾਲ।
ਇਹ ਇਥੇ ਉਥੇ ਸੰਗ ਅਸਾਡੇ ਜਪਨ ਜਾਪ।
ਮੁਕਤੇ ਸੋ ਜੋ ਅਸਾਡੇ ਪਿਛੇ ਰਹਿਸਨਿ ਸਿਖ।
ਤੁਰਕਾ ਕਰਨੀ ਹੈ ਪੰਥ ਨਾਲਿ ਖਹੇੜ ਜਾਗਾ ਜਾਗਾ ਪਰਵਾਨੇ ਲਿਖ।
ਤਿਨਾ ਵਿਚੋਂ ਰਖਨਗੇ ਜੋ ਸਿਖੀ ਸੋਈ ਮੁਕਤੇ ।
ਰਖਨਗੇ ਧਰਮ ਸਿਖੀ ਦਾ ਕਰ ਅਨੇਕ ਜਤਨ।
ਇਨ੍ਹਾਂ ਦੁਹਾਂ ਦੇ ਤਪ ਕਰਕੇ ਆਵੇਗਾ ਰਾਜੁ।
ਰਾਜੇ ਹੋਸੀ ਨਰਕ ਪਾਪ ਸਮਾਜੁ।
ਜੋ ਰਾਜੇ ਸਿਖ ਮਾਇਕੀ ਭਏ।
ਤੀਜਾ ਭਾਗ ਸਿਖੀ ਦਾ ਏਹ ਗਿਣੇ ਲਏ।
ਚਉਥਾ ਹਿਸਾ ਮੁਰੀਦ ਕਰੁ ਦੇਖੁ।
ਜੋ ਮਾਇਆ ਹੋਦੀ ਰਾਜੁ ਵਿਚਿ ਰਹੇ ਨਿਰਲੇਪ।

1. **ਦੀਦਾਰੀ ਸਿਖ** : ਦੀਦਾਰੀ ਸੁੰਦਰ ਸਰੂਪ, ਸਰੀਰਕ ਤੌਰ ਤੇ ਅਰੋਗ, ਕਦ ਕਾਠ ਦੇ ਸਡੋਲ ਅਤੇ ਸਤਿਗੁਰਾਂ ਦੇ ਅੰਗ-ਰਖਸ਼ਕ (ਬਾਡੀਗਾਰਡ) ।

2. **ਮੁਕਤੇ ਸਿਖ** : ਤੇਗ ਦੇ ਧਨੀ, ਸੰਤ ਸਿਪਾਹੀ, ਖੰਡੇ ਦੀ ਪਾਹੁਲ ਦੇ ਧਾਰਨੀ, ਸ਼ਸ਼ਤਰਧਾਰੀ, ਹਰ ਸਮੇਂ ਧਰਮ ਦੀ ਰੱਖਿਆ ਲਈ ਮਰਨ ਮਾਰਨ ਲਈ ਤਿਆਰ-ਬਰ-ਤਿਆਰ, ਜਿਨ੍ਹਾਂ ਨੇ ਸਤਿਗੁਰਾਂ ਨੂੰ ਸਿਰ ਸੌਂਪਿਆ ਹੋਇਆ ਸੀ, ਦੀਦਾਰੀ ਅਤੇ ਮੁਕਤੇ ਸਿੱਖ ਜਾਣੇ ਗਏ । ਇਨ੍ਹਾਂ ਦੇ ਨਾਂ 'ਸਿੰਘ' ਲਕੁਬ ਵਰਤਿਆ ਗਿਆ।

3. **ਮਾਇਕੀ ਸਿਖ** : ਰਾਜ ਸਤਾ ਆਉਣ ਕਰਕੇ ਇਨ੍ਹਾਂ ਸਿੱਖਾਂ ਵਿਚ ਰਾਜਸੀ ਅਤੇ ਧਾਰਮਿਕ ਪੱਧਰ ਤੇ ਕੁਰੀਤੀਆਂ ਆ ਗਈਆਂ ਅਤੇ ਜਿਹੜੇ ਆਪਣੇ ਅਸਲ ਟੀਚੇ ਤੋਂ ਵੀ ਉਖੜ ਗਏ। (ਇਹ ਪੁਸਤਕ ਭਾਈ ਕੇਸਰ ਸਿੰਘ ਛਿੱਬਰ ਨੇ 1769 ਈ: ਵਿਚ ਲਿਖੀ, ਜਦੋਂ ਸਿੱਖ

ਮਿਸਲਾਂ ਵਿਚ ਵੰਡੇ ਹੋਣ ਕਰਕੇ, ਰਾਜਸੀ ਤਰੁਟੀਆਂ ਦਾ ਸ਼ਿਕਾਰ ਹੋਏ ਸਨ।)

**4. ਮੁਰੀਦ ਸਿਖ:** ਇਹ ਉਹ ਗੁਰਮੁਖ ਸਹਿਜਧਾਰੀ ਸਿੱਖ ਸਨ, ਜਿਹੜੇ ਮਾਇਆ ਵਿਚ ਨਿਰਲੇਪ ਅਤੇ ਨਿਰਵਿਕਾਰੀ ਰਹਿੰਦੇ ਸਨ । ਜਿਨ੍ਹਾਂ ਨੂੰ ਸਹਿਜ ਅਵਸਥਾ ਪ੍ਰਾਪਤ ਸੀ ।

'ਸਹਿਜ' ਸ਼ਬਦ ਬੁੱਧ ਧਰਮ ਸਮੇਂ ਵੀ ਪ੍ਰਚਲਿਤ ਸੀ । ਉਨ੍ਹਾਂ ਦੇ ਇਕ ਫ਼ਿਰਕੇ ਦਾ ਨਾਂ 'ਸਹਿਜਯਾਨੀ' ਸੀ । ਇਸੇ ਸ਼ਬਦ ਦਾ ਪ੍ਰਯੋਗ ਯੋਗੀਆਂ ਅਤੇ ਤਾਂਤ੍ਰਿਕ ਮੱਤ ਵਾਲਿਆਂ ਨੇ ਵੀ ਕੀਤਾ । ਪਰ ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਦ੍ਰਿਸ਼ਟੀਕੋਣ ਤੋਂ 'ਸਹਿਜ' ਸ਼ਬਦ ਨੂੰ ਤੁਰੀਆ ਪੱਦ (ਚਉਥੇ ਪੱਦ) ਦੇ ਭਾਵ ਵਿਚ ਵਰਤਿਆ ਹੈ । ਤ੍ਰੈਗੁਣਾਂ ਤੋਂ ਉੱਪਰ ਉੱਠ ਕੇ ਹੀ ਇਹ ਅਵਸਥਾ ਪ੍ਰਾਪਤ ਹੁੰਦੀ ਹੈ ।

'ਸਹਿਜਧਾਰੀ' ਸ਼ਬਦ ਦੇ ਸਮੁੱਚੇ ਅਰਥ ਹਨ—ਸਹਿਜ (ਗਯਾਨ) ਧਾਰਨ ਵਾਲਾ, ਵਿਚਾਰਵਾਨ, ਸੁਖਾਲੀ ਧਾਰਨਾ ਵਾਲਾ, ਸੌਖੀ ਰੀਤਿ ਅੰਗੀਕਾਰ ਕਰਨ ਵਾਲਾ, ਸਿੱਖਾਂ ਦਾ ਇਕ ਅੰਗ, ਜੋ ਖੰਡੇ ਦਾ ਅੰਮ੍ਰਿਤ ਪਾਨ ਨਹੀਂ ਕਰਦਾ ਅਤੇ ਕੱਛ ਕ੍ਰਿਪਾਨ ਦੀ ਰਹਿਤ ਨਹੀਂ ਰੱਖਦਾ । ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਬਿਨਾਂ ਆਪਣੀ ਹੋਰ ਧਰਮ-ਪੁਸਤਕ ਨਹੀਂ ਮੰਨਦਾ । ਪੰਜਾਬ ਅਤੇ ਸਿੰਧ ਵਿਚ ਸਹਿਜਧਾਰੀ ਬਹੁਤ ਗਿਣਤੀ ਵਿਚ ਹਨ । ਖ਼ਾਸ ਕਰਕੇ ਸਿੰਧ ਦੇ ਸਹਿਜਧਾਰੀ ਵੱਡੇ ਪ੍ਰੇਮੀ ਅਤੇ ਸ਼ਰਧਾਵਾਨ ਹਨ । ਜੋ ਸਿੰਘ ਸਹਿਜਧਾਰੀਆਂ ਨੂੰ ਨਫ਼ਰਤ ਦੀ ਨਿਗਾਹ ਨਾਲ ਵੇਖਦੇ ਹਨ, ਉਹ ਸਿੱਖ ਧਰਮ ਤੋਂ ਅਣਜਾਣ ਹਨ । (ਮਹਾਨ ਕੋਸ਼, ਪੰਨਾ 103)

ਗੁਰਮਤਿ ਮਾਰਤੰਡ ਵਿਚ ਸਹਿਜਧਾਰੀ ਪ੍ਰਾਕਰਣ ਹੇਠਾਂ, ਭਾਈ ਕਾਨ੍ਹ ਸਿੰਘ ਨਾਭਾ, ਲਿਖਦੇ ਹਨ, "ਖੰਡੇ ਦਾ ਅੰਮ੍ਰਿਤ ਛਕਣ ਵਾਲੇ ਸਿੰਘਾਂ ਦੇ ਮੁਕਾਬਲੇ, 'ਸਹਿਜਧਾਰੀ' ਸ਼ਬਦ ਉਨ੍ਹਾਂ ਸਿੱਖਾਂ ਲਈ ਵਰਤਿਆ ਗਿਆ, ਜੋ ਕੇਸ, ਕ੍ਰਿਪਾਨ, ਕੱਛ ਦੀ ਪੂਰੀ ਰਹਿਤ ਨਹੀਂ ਰੱਖਦੇ ਸਨ, ਅਰ ਬਾਕੀ ਸਾਰੇ ਨਿਯਮ ਸਿੱਖ ਧਰਮ ਦੇ ਦ੍ਰਿੜ ਧਾਰਨ ਕਰਦੇ ਹਨ । ਸਿੰਘਾਂ ਤੋਂ ਛੁਟ, ਸਹਿਜਧਾਰੀ ਸੰਗਿਆ ਅੰਦਰ ਸਾਰੇ ਗੁਰੂ ਨਾਨਕ ਪੰਥੀ ਆ ਜਾਂਦੇ ਹਨ, ਜੋ ਅਸਾਡੇ ਅੰਗ ਰੂਪ ਅਤੇ ਪਿਆਰੇ ਗੁਰੂ ਭਾਈ ਹਨ ।"

ਗੁਰਮਤਿ ਮਾਰਤੰਡ ਵਿਚ ਵੀ ਜ਼ਿਕਰ ਆਉਂਦਾ ਹੈ ਕਿ ਭਾਈ ਮਨੀ ਸਿੰਘ ਜੀ ਦੀ ਲਿਖੀ ਭਗਤਾਵਲੀ ਵਿਚ, ਸਹਿਜਧਾਰੀ ਪਦ ਉਨ੍ਹਾਂ ਸਿੱਖਾਂ ਲਈ ਵਰਤਿਆ ਗਿਆ ਹੈ, ਜੋ ਖੰਡੇ ਦੀ ਪਾਹੁਲ ਅਤੇ ਕਕਾਰਾਂ ਦੀ ਦ੍ਰਿੜ ਧਾਰਨੀ ਨਹੀਂ ਸਨ ।

ਇਤਿਹਾਸ ਵਾਚਣ ਤੋਂ ਇਸ ਪ੍ਰਸ਼ਨ ਦਾ ਉਤਰ ਨਹੀਂ ਮਿਲਦਾ ਕਿ ਸਹਿਜਧਾਰੀ ਸੰਗਿਆ, ਉਨ੍ਹਾਂ ਸਿੱਖਾਂ ਲਈ, ਜੋ ਖੰਡੇ ਦਾ ਅੰਮ੍ਰਿਤ ਪਾਨ ਕਰਕੇ, ਪੰਜ ਕਕਾਰਾਂ ਦੇ ਪੂਰੇ ਧਾਰਨੀ ਨਹੀਂ ਸਨ ਹੁੰਦੇ, ਕਦੋਂ ਪਈ । ਪਰ ਜੇਕਰ ਭਾਈ ਮਨੀ ਸਿੰਘ ਜੀ ਦੀ ਭਗਤਾਵਲੀ ਅਨੁਸਾਰ ਵਾਚਿਆ ਜਾਵੇ ਤਾਂ ਇਹ ਸੰਗਿਆ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅਤੇ ਉਸ ਤੋਂ ਥੋੜ੍ਹੇ ਚਿਰ ਮਗਰੋਂ ਹੀ ਪਈ ਪ੍ਰਤੀਤ ਹੁੰਦੀ ਹੈ ।

## ਪ੍ਰਸਿੱਧ ਸਹਿਜਧਾਰੀ ਸਿੱਖ ਅਤੇ ਸੰਪ੍ਰਦਾਵਾਂ

**1. ਭਾਈ ਨੰਦ ਲਾਲ ਜੀ**—ਗੁਰੂ ਗੋਬਿੰਦ ਸਿੰਘ ਸਾਹਿਬ ਦੇ ਅਨਿਨ ਸਿੱਖ ਅਤੇ ਦਰਬਾਰੀ ਕਵੀ ਸਨ, ਜਿਨ੍ਹਾਂ ਨੇ ਫ਼ਾਰਸੀ ਵਿਚ 'ਬੰਦਗੀਨਾਮਾ' ਅਤੇ ਗ਼ਜ਼ਲਾਂ ਲਿਖੀਆਂ ਜੋ ਕਿ ਉੱਚ ਕੋਟੀ ਦੇ ਕਾਵਿ-ਕਲਾ ਦੇ ਗ੍ਰੰਥ ਸਨ ।

ਭਾਈ ਨੰਦ ਲਾਲ ਜੀ ਦੇ ਛੋਟੇ ਸਪੁੱਤਰ ਭਾਈ ਲੀਲਾ ਰਾਮ ਦੀ ਵੰਸ਼ ਚਲੀ ਜੋ ਵੰਡ ਤੋਂ ਪਹਿਲੇ ਬਹਾਵਲਪੁਰ ਅਤੇ ਮੁਲਤਾਨ ਆਦਿ ਵਿਚ ਨਿਵਾਸ ਕਰਦੀ ਸੀ, ਜਿਸ ਵਿਚ

ਸਹਿਜਧਾਰੀ ਅਤੇ ਅੰਮ੍ਰਿਤਧਾਰੀ ਗੁਰਮੁਖ ਸਜਣ ਪੰਥ ਦੇ ਰਤਨ ਹਨ ਅਤੇ 'ਭਾਈ' ਲਕਬ ਨਾਲ ਸੰਬਧਨ ਕੀਤੇ ਜਾਂਦੇ ਹਨ ।

**2. ਭਾਈ ਘਨ੍ਹੱਈਆ ਜੀ :** ਜ਼ਿਲ੍ਹਾ ਗੁਜਰਾਂਵਾਲਾ ਦੇ ਸੋਦਰਾ ਪਿੰਡ ਦੇ ਵਸਨੀਕ ਧੰਨਤ ਗੋਤ ਦੇ ਖੱਤਰੀ ਘੱਨਯਾ (ਘਨਈਆ) ਰਾਮ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸਿੱਖ ਹੋਏ। ਇਹ ਲੰਗਰ ਲਈ ਜਲ ਢੋਣ ਦੀ ਸੇਵਾ ਕਰਦੇ ਸਨ । ਦਸਵੇਂ ਪਾਤਸ਼ਾਹ ਵੇਲੇ ਇਨ੍ਹਾਂ ਨੇ ਸ੍ਰੀ ਅਨੰਦਪੁਰ ਦੇ ਜੰਗਾਂ ਵਿਚ ਜ਼ਖ਼ਮੀਂ ਸਿੱਖਾਂ ਅਤੇ ਮੁਸਲਮਾਨਾਂ ਨੂੰ ਸਮਭਾਵ ਨਾਲ ਜਲ ਪਿਆ ਕੇ ਅਤੇ ਮਰਹੱਮ ਪੱਟੀ ਕਰਕੇ ਸਤਿਗੁਰੂ ਦੀ ਪ੍ਰਸੰਨਤਾ ਪ੍ਰਾਪਤ ਕੀਤੀ । ਦਸਮ ਪਾਤਸ਼ਾਹ ਨੇ ਘੱਨਯਾਰਾਮ ਜੀ ਨੂੰ ਆਪਣਾ ਦਸਤੀ ਰੁਮਾਲ ਬਖ਼ਸ਼ ਕੇ ਮਹੰਤ ਥਾਪਿਆ । ਭਾਈ ਘਨੱਈਆ ਜੀ ਤੋਂ ਬਾਅਦ, ਇਨ੍ਹਾਂ ਦੇ ਜਾ-ਨਸ਼ੀਨਾਂ ਦੀ ਲੰਮੀ ਸਹਿਜਧਾਰੀ ਸਿੱਖ ਪ੍ਰਣਾਲੀ ਚਲੀ, ਜਿਨ੍ਹਾਂ ਵਿਚੋਂ ਵਿਸ਼ੇਸ਼ ਭਾਈ ਸੇਵਾ ਰਾਮ ਜੀ ਹੋਏ ਹਨ, ਜਿਨ੍ਹਾਂ ਤੋਂ ਇਸ ਪ੍ਰਣਾਲੀ ਦੀ ਸੰਗਿਆ ਸੇਵਾ-ਪੰਥੀ ਪਈ । ਉਨ੍ਹਾਂ ਦੇ ਜਾਨਸ਼ੀਨ, ਭਾਈ ਅੱਡਣਸ਼ਾਹ ਦੇ ਨਾਂ ਤੋਂ ਅਡਣਸ਼ਾਹੀ ਸੰਪ੍ਰਦਾਇ ਚਲ ਪਈ । ਇਨ੍ਹਾਂ ਵਿਚੋਂ ਕੁੱਝ ਵਿਸ਼ੇਸ਼ ਨਾਮ, ਸਹਿਜਧਾਰੀ ਗੁਰਮੁਖ ਸੰਤਾਂ ਦੇ ਇਹ ਹਨ : ਭਾਈ ਭੱਲਾ ਰਾਮ ਜੀ, ਭਾਈ ਵਸਤੀ ਰਾਮ ਜੀ, ਭਾਈ ਭਗਤਾ ਜੀ, ਭਾਈ ਰਾਮ ਕਿਸ਼ਨ ਸਾਹਿਬ, ਭਾਈ ਹਜ਼ਾਰੀ ਸਾਹਿਬ,ਭਾਈ ਲੋੜੀਂਦਾ ਰਾਮ ਜੀ, ਭਾਈ ਸਹਾਈ ਰਾਮ ਜੀ, ਭਾਈ ਸ਼ੰਕਰ ਦਾਸ ਜੀ, ਭਾਈ ਰੱਲਾ ਰਾਮ ਜੀ ਅਤੇ ਭਾਈ ਲਖਮੀ ਦਾਸ ਜੀ ।

ਅਡਣਸ਼ਾਹੀ ਸਹਿਜਧਾਰੀ ਸਿੱਖ (ਸੰਤ) ਧਰੰਮ ਦੀ ਕਿਰਤ ਕਰਕੇ ਨਿਰਬਾਹ ਕਰਦੇ ਹਨ । ਪੁਰਾਣੇ ਲਿਖਾਰੀ ਅਡਣਸ਼ਾਹੀਆਂ ਦੀ ਬਣਾਈ ਸਿਆਹੀ (ਰੋਸਨਾਈ) ਵਰਤਿਆ ਕਰਦੇ ਸਨ ਅਤੇ ਇਸ ਦਾ ਨਾਉਂ 'ਅਡਣਸ਼ਾਹੀ ਸਿਆਹੀ' ਪ੍ਰਸਿੱਧ ਹੋਇਆ ਸੀ । ਇਨ੍ਹਾਂ ਦੀ ਪ੍ਰਣਾਲੀ ਨੇ ਸਿੱਖ ਧਰਮ ਦਾ ਬੇਹੱਦ ਪ੍ਰਚਾਰ ਕੀਤਾ ਅਤੇ ਕਈ ਧਰਮ-ਕੇਂਦਰ ਨਵੇਂ ਖੋਲ੍ਹੇ ਅਤੇ ਸਹਿਜਧਾਰੀ ਸਿੱਖਾਂ ਦੀ ਸੰਖਿਆ ਵਿਚ ਵਿਸ਼ੇਸ਼ ਵਾਧਾ ਕੀਤਾ । ਇਨ੍ਹਾਂ ਦੇ ਜਾਂ-ਨਸ਼ੀਨਾਂ ਵਿਚੋਂ ਹੀ ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਅੰਮ੍ਰਿਤਸਰ ਨਿਵਾਸੀ, ਬਾਬਾ ਝੰਡਾ ਸਿੰਘ ਜੀ ਅਤੇ ਸੰਤ ਬਾਬਾ ਖੜਕ ਸਿੰਘ ਜੀ, ਬੀੜ ਸਾਹਿਬ ਵਾਲੇ ਸਨ ।

**3. ਬਾਬਾ ਕਲਾਧਾਰੀ ਜੀ—**ਆਪ ਗੁਰੂ ਨਾਨਕ ਸਾਹਿਬ ਜੀ ਦੀ ਸੰਤਾਨ ਵਿਚੋਂ ਗੁਰਮੁਖ ਗੁਰਸਿੱਖ, ਦਸਮ ਪਾਤਸ਼ਾਹ ਦੇ ਸਮਕਾਲੀ ਸਨ । ਗੁਰੂ ਅੰਸ਼ ਹੋਣ ਕਰਕੇ, ਦਸਮ ਪਾਤਸ਼ਾਹ ਦੇ ਦਰਬਾਰ ਵਿਚ ਸਤਿਕਾਰੇ ਜਾਂਦੇ ਸਨ । ਦਸਮ ਪਾਤਸ਼ਾਹ ਦੀਆਂ ਇਨ੍ਹਾਂ ਤੇ ਵਿਸ਼ੇਸ਼ ਬਖਸ਼ਿਸ਼ਾਂ ਸਨ । ਜਿਸ ਦੇ ਸਦਕੇ ਇਨ੍ਹਾਂ ਦੇ ਪੋਤਰੇ ਬਾਬਾ ਸਾਹਿਬ ਸਿੰਘ ਜੀ ਬੇਦੀ, ਸਿੱਖ ਰਾਜ ਦੇ ਬਾਨੀਆਂ ਵਿਚੋਂ ਹੋਏ । ਮਹਾਰਾਜਾ ਰਣਜੀਤ ਸਿੰਘ ਜੀ ਨੂੰ ਰਾਜ ਤਿਲਕ ਇਨ੍ਹਾਂ ਨੇ ਆਪਣੇ ਹੱਥੀਂ ਦਿੱਤਾ ।

**4. ਸ੍ਰੀ ਗੁਰਬਖਸ਼ ਜੀ, ਉਦਾਸੀ-**ਮਹਾਦੇਵ ਉਦਾਸੀ ਸਾਧੂ ਦਾ ਚੇਲਾ ਮਹਾਤਮਾ ਗੁਰਬਖਸ਼ ਦਾਸ, ਜਿਸ ਨੂੰ ਦਸ਼ਮੇਸ਼ ਪਿਤਾ ਨੇ ਸ੍ਰੀ ਅਨੰਦਪੁਰ ਤਿਆਗਣ ਸਮੇਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਚੇਹਰੇ ਤਥਾ ਗੁਰ-ਅਸਥਾਨਾਂ ਦਾ ਸੇਵਾਦਾਰ ਥਾਪਿਆ :

"ਇਕਿ ਗੁਰਬਖ਼ਸ਼ ਸਾਧੂ ਢਿਗ ਖਰਯੋ । ਤਿਸੈ ਵਿਲੋਕਤ ਵਾਕ ਉਚਰਯੋ ॥
ਬਸੋ ਇਹਾਂ ਤੁਮ ਸੇਵਾ ਕਰੋ । ਕਰ ਸੇਵਾ ਨਿਜ ਜਨਮ ਸੁਧਰੋ ॥"

(ਗੁਰੂ ਪ੍ਰਕਾਸ਼ ਸੂਰਯ)

**5. ਕੌੜਾ ਮੱਲ—**ਇਹ ਲਾਹੌਰ ਦੇ ਸੂਬੇਦਾਰ ਮੀਰ ਮਨੂੰ ਦਾ ਦੀਵਾਨ ਸੀ । ਗੁਰੂ ਦਾ

ਭਗਤ ਅਤੇ ਸਿੱਖਾਂ ਦਾ ਸਹਾਇਕ ਹੋਣ ਕਰਕੇ ਖ਼ਾਲਸਾ ਪੰਥ ਵਿਚ ਇਸ ਦਾ ਨਾਉਂ 'ਮਿੱਠਾ ਮੱਲ' ਪ੍ਰਸਿੱਧ ਹੈ । ਇਸ ਦਾ ਦਿਹਾਂਤ ਦੁਰਾਨੀਆਂ ਦੀ ਫ਼ੌਜ ਦਾ ਟਾਕਰਾ ਕਰਦੇ ਹੋਏ ਸੰਨ 1752 (ਸੰਮਤ 1810) ਵਿਚ ਲਾਹੌਰ ਵਿਖੇ ਹੋਇਆ ।

**6. ਹਕੀਕਤ ਰਾਇ**– ਸਿਆਲਕੋਟ ਨਿਵਾਸੀ ਬਾਘ ਮੱਲ (ਬਾਗ ਮੱਲ) ਪੁਰੀ ਖੱਤਰੀ ਦੇ ਘਰ, ਸਿੱਖ ਪੁੱਤਰੀ ਕੌਰਾਂ ਦੇ ਉਦਰ ਤੋਂ ਸੰਮਤ 1781 ਵਿਚ ਹਕੀਕਤ ਰਾਇ ਦਾ ਜਨਮ ਹੋਇਆ । ਵਟਾਲਾ ਨਿਵਾਸੀ ਸਹਿਜਧਾਰੀ ਸਿੱਖ ਕ੍ਰਿਸ਼ਨ ਚੰਦ ਉਪਲ ਖੱਤਰੀ ਦੀ ਸਪੁੱਤਰੀ ਦੁਰਗਾ ਦੇਵੀ ਨਾਲ ਵਿਆਹ ਹੋਇਆ ਅਤੇ ਭਾਈ ਬੁਧ ਸਿੰਘ ਵਟਾਲੀਏ ਦੀ ਸੰਗਤ ਤੋਂ ਸਿੱਖ ਧਰਮ ਦੇ ਨਿਯਮਾਂ ਦਾ ਵਿਸ਼ਵਾਸੀ ਬਣਿਆ । ਮੁਸਲਮਾਨ ਹਾਕਮਾਂ ਨੇ ਇਸ ਨੂੰ ਇਸਲਾਮ ਕਬੂਲਣ ਲਈ ਕਿਹਾ, ਪਰ ਹਕੀਕਤ ਰਾਇ ਨੇ ਇਨਕਾਰ ਕੀਤਾ । ਇਸ ਪੁਰ ਬਾਲਕ ਹਕੀਕਤ, ਮਾਘ ਸੁਦੀ 5, ਸੰਮਤ 1798 (1741 ਈ:) ਨੂੰ ਖ਼ਾਨ ਬਹਾਦਰ ਜ਼ਕਰੀਆ ਖ਼ਾਨ, ਗਵਰਨਰ ਦੇ ਹੁਕਮ ਨਾਲ ਕਤਲ ਕੀਤਾ ਗਿਆ । ਸੰਯੁਕਤ ਪੰਜਾਬ ਵੇਲੇ, ਬਸੰਤ ਪੰਚਮੀ ਦੇ ਸਮੇਂ ਲਾਹੌਰ ਵਿਖੇ ਇਸ ਦੀ ਸਮਾਧ ਤੇ ਮੇਲਾ ਲੱਗਦਾ ਹੁੰਦਾ ਸੀ ।

**7. ਭਾਈ ਦੇਸ ਰਾਜ ਜੀ**–ਆਪ ਇਕ ਮਹਾਨ ਸਹਿਜਧਾਰੀ ਗੁਰਸਿੱਖ ਹੋਏ ਹਨ । ਅਬਦਾਲੀ ਵਲੋਂ ਕੀਤੀ ਸ੍ਰੀ ਅੰਮ੍ਰਿਤਸਰ ਦੀ ਬੇਅਦਬੀ ਪਿਛੋਂ ਇਸ ਗੁਰਸਿੱਖ ਨੇ ਨਿਰਮਾਣ ਹੋ ਕੇ ਅਤੇ ਪ੍ਰੇਮ ਸਹਿਤ ਸ੍ਰੀ ਹਰਿਮੰਦਰ ਸਾਹਿਬ ਦੀ ਆਪਣੇ ਤਨੋਂ, ਮਨੋਂ ਅਤੇ ਧਨੋਂ ਰਜ ਕੇ ਸੇਵਾ ਕੀਤੀ । ਇਹ ਸੁਰ ਸਿੰਘ ਅੰਮ੍ਰਿਤਸਰ ਦੇ ਵਸਨੀਕ ਗੁਰਸਿੱਖ ਸਨ । ਸੰਮਤ 1825 ਨੂੰ ਖ਼ਾਲਸੇ ਨੇ ਅੱਠ ਲੱਖ ਰੁਪਿਆ ਇਨ੍ਹਾਂ ਦੇ ਸਪੁਰਦ ਕੀਤਾ ਤਾਂ ਜੋ ਢਾਹੇ ਹੋਏ ਹਰਿਮੰਦਰ ਸਾਹਿਬ ਦੀ ਉਸਾਰੀ ਦੀ ਸੇਵਾ ਇਹ ਕਰਵਾਉਣ । ਆਪ ਬਾਰੇ, ਸੰਤ ਸ਼ਾਮ ਸਿੰਘ ਜੀ ਦਸਦੇ ਸਨ ਕਿ ਭਗਤ ਦੇਸ ਰਾਜ ਜੀ ਨੇ ਆਪਣੇ ਪਾਸੋਂ ਬਹੁਤ ਧਨ ਖ਼ਰਚ ਕੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੇਵਾ ਕਰਾਈ । ਇਨ੍ਹਾਂ ਨੇ ਆਪਣੀ ਪਤਨੀ ਨੂੰ ਪ੍ਰੇਰ ਕੇ ਆਪਣਾ ਤਨ, ਮਨ ਅਤੇ ਧਨ ਸਫ਼ਲ ਕਰਨ ਹਿੱਤ ਇਕ ਲੱਖ ਰੁਪਿਆ ਇਕੱਤਰ ਕੀਤਾ । ਆਪਣਾ ਜੋ ਮਕਾਨ, ਭੂਖਨ, ਬਸਤਰ ਆਦਿ ਸਨ, ਸਭ ਕੁਝ ਵੇਚ ਕੇ, ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਅਤੇ ਹੋਰ ਸੇਵਾ ਤੇ ਖ਼ਰਚ ਕੀਤਾ । ਇਨ੍ਹਾਂ ਦੀ ਸੁਪਤਨੀ ਨੇ ਵੀ ਇਸ ਵਿਚ ਪੂਰਾ ਯੋਗਦਾਨ ਦਿੱਤਾ । ਇਨ੍ਹਾਂ ਦੀ ਇਸਤਰੀ ਰਾਜ ਮਜ਼ਦੂਰਾਂ ਵਾਸਤੇ ਉੱਤਮ ਭੋਜਨ ਬਣਾ ਕੇ ਲੰਗਰ ਤਿਆਰ ਕਰਦੀ । ਜਿਸ ਨੂੰ ਬਸਤਰ ਦੀ ਲੋੜ ਹੁੰਦੀ ਉਨ੍ਹਾਂ ਨੂੰ ਬਸਤਰ ਦਿੱਤੇ ਜਾਂਦੇ । ਸੰਤ ਬਾਬਾ ਸ਼ਾਮ ਸਿੰਘ ਜੀ ਲਿਖਦੇ ਹਨ "ਕਿ ਐਸੀ ਸਹਿਜ ਅਵਸਥਾ ਵਾਲੇ ਸ੍ਰੀ ਦੇਸ ਰਾਜ ਜੀ ਕੋ ਮੈਨੇ ਭਗਤ ਰਾਜ ਸੰਬੋਧਨ ਕੀਆ ਹੈ ਤਬ ਗੁਰੂ ਪੂਰਨ ਕੀ ਕ੍ਰਿਪਾ ਸੇ ਬੜੀ ਪ੍ਰਕਰਮਾ ਕੀ ਸੇਵਾ ਪਰਮ ਸੁੰਦਰ ਚੂਨੇ ਗਚ ਪੂਰਨ ਭਈ ।" ਇੱਥੇ ਸੰਤ ਬਾਬਾ ਸ਼ਾਮ ਸਿੰਘ ਜੀ ਨੇ ਭਾਈ ਦੇਸ ਰਾਜ ਦੀ ਸਹਿਜ ਅਵਸਥਾ ਦਾ ਜ਼ਿਕਰ ਕੀਤਾ ਹੈ ।

**8. ਮਹਾਤਮਾ ਪ੍ਰੀਤਮ ਦਾਸ ਜੀ**–ਇਕ ਉਦਾਸੀ ਸਾਧੂ ਮਹਾਤਮਾ ਪ੍ਰੀਤਮ ਦਾਸ ਜੀ ਹੋਏ ਹਨ, ਜਿਨ੍ਹਾਂ ਨੇ ਸੰਮਤ 1836 ਵਿਚ ਪੰਚਾਇਤੀ ਅਖਾੜਾ ਕਾਇਮ ਕੀਤਾ । ਸੰਮਤ 1838 ਵਿਚ ਰਾਵੀ ਤੋਂ ਨਹਿਰ (ਹੰਸਲੀ) ਲਿਆ ਕੇ ਸ੍ਰੀ ਅੰਮ੍ਰਿਤ ਸਰੋਵਰ ਵਿਚ ਜਲ ਪਾਉਣ ਦੀ ਸੇਵਾ ਮਹਾਤਮਾ ਪ੍ਰੀਤਮ ਦਾਸ ਅਤੇ ਸੰਤੋਖ ਦਾਸ ਜੀ ਨੇ ਪਰਮ ਉਦਮ ਨਾਲ ਕੀਤੀ ।

ਧਰਮ ਪ੍ਰਚਾਰ ਕਰਦੇ ਹੋਏ ਆਪ ਜਦ ਹੈਦਰਾਬਾਦ (ਦੱਖਣ) ਪੁਜੇ ਤਾਂ ਦੀਵਾਨ ਚੰਦੂ ਲਾਲ ਦਾ ਚਾਚਾ ਨਾਨਕ ਚੰਦ ਇਸ ਦਾ ਸੇਵਕ ਬਣਿਆ । ਮਹਾਤਮਾ ਪ੍ਰੀਤਮ ਦਾਸ ਜੀ ਨੇ

ਇੱਛਾ ਪ੍ਰਗਟ ਕੀਤੀ ਕਿ ਤੀਰਥਾਂ ਪੁਰ ਗੁਰੂ ਨਾਨਕ ਪੰਥੀ ਸਾਧੂਆਂ ਦੇ ਖਾਨ ਪਾਨ ਦਾ ਯੋਗ ਪ੍ਰਬੰਧ ਹੋਣਾ ਚਾਹੀਦਾ ਹੈ । ਇਸ ਪੁਰ ਨਾਨਕ ਚੰਦ ਨੇ ਬਹੁਤ ਰੁਪਿਆ ਦਿੱਤਾ, ਜਿਸ ਨੂੰ ਪਰਉਪਕਾਰੀ ਮਹਾਤਮਾ ਨੇ ਪ੍ਰਯਾਗ ਵਿਚ ਲਿਆ ਕੇ ਭੇਖ ਦੇ ਸਪੁਰਦ ਕੀਤਾ ਅਰ ਸੰਮਤ 1836 ਵਿਖੇ ਪੰਚਾਇਤੀ ਅਖਾੜਾ ਕਾਇਮ ਕੀਤਾ ।

**9. ਸ੍ਰੀ ਸਾਹਿਬ ਦਿਆਲ ਜੀ ਨਿਰੰਕਾਰੀ** : ਆਪ ਨਿਰੰਕਾਰੀ ਲਹਿਰ ਦੇ ਬਾਨੀ ਹੋਏ ਹਨ ।ਆਪ ਦਾ ਜਨਮ 17 ਮਈ, 1783 ਈ: ਪਿਸ਼ਾਵਰ ਸ਼ਹਿਰ ਵਿਚ ਹੋਇਆ ।ਆਪ ਮਹਾਰਾਜਾ ਰਣਜੀਤ ਸਿੰਘ ਦੇ ਸਮਕਾਲੀ ਸਨ ।ਆਪ ਸਹਿਜਧਾਰੀ ਸਿੱਖਾਂ ਵਿਚ ਇਕ ਮਹਾਨ ਹਸਤੀ ਹੋਏ ਹਨ । ਸਿੱਖ ਇਤਿਹਾਸ ਨੂੰ ਆਪ ਦੀ ਸਦੀਵੀ ਦੇਣ ਹੈ । ਸਿੱਖ ਰਹੁ-ਰੀਤੀਆਂ ਨੂੰ, ਗੁਰਮਤਿ ਅਨੁਸਾਰ, ਢਾਲ ਨਿਖਾਰ ਕੇ ਆਪ ਨੇ ਸਿੱਖ ਵਿਚਾਰਧਾਰਾ ਨੂੰ ਇਕ ਨਵੇਂ ਮੋੜ ਤੇ ਲਿਆ ਖੜਾ ਕੀਤਾ । ਸਹੀ ਅਰਥਾਂ ਵਿਚ ਆਪ ਨੇ ਆਨੰਦ-ਵਿਆਹ ਮਰਯਾਦਾ ਦੀ ਬੁਨਿਆਦ ਰੱਖੀ । ਸਿੱਖ ਧਰਮ ਵਿਚੋਂ ਬ੍ਰਾਹਮਣਵਾਦ ਖ਼ਤਮ ਕਰਨ ਲਈ ਆਪ ਨੇ ਭਰਪੂਰ ਯਤਨ ਕੀਤਾ । ਇਨ੍ਹਾਂ ਨੇ ਦੇਵੀ ਦੇਵਤਿਆਂ, ਪੱਥਰ-ਮੂਰਤੀ ਜੜ੍ਹ ਪੂਜਾ ਵਿਰੁੱਧ ਇਕ ਤਕੜਾ ਜਹਾਦ ਕੀਤਾ । ਆਪ ਸੂਤਕ-ਪਾਤਕ ਸਰਾਧ ਅਤੇ ਹੋਰ ਹਰ ਤਰ੍ਹਾਂ ਦੇ ਕਰਮ-ਕਾਂਡ ਦੇ ਵਿਰੁੱਧ ਸਨ । ਆਪ ਨੂੰ ਹਿੰਦੂ ਸਿੱਖ ਭਾਈਚਾਰੇ ਵਲੋਂ, ਘੋਰ ਕਠਿਨਾਈਆਂ ਦਾ ਮੁਕਾਬਲਾ ਕਰਨਾ ਪਿਆ । ਆਪ ਨੂੰ ਹਿੰਦੂ-ਸਿੱਖ ਬਰਾਦਰੀ ਵਿਚੋਂ ਖਾਰਜ ਕਰ ਦਿੱਤਾ ਗਿਆ । ਆਪ ਉਪਦੇਸ਼ ਕਰਦੇ ਸਨ ਕਿ ''ਸਾਡਾ ਰਹਿਬਰ ਗੁਰੂ ਨਾਨਕ ਨਿਰੰਕਾਰੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ।'' ਇਕ ਨਿਰੰਕਾਰ ਦੇ ਭਜਨ,ਮਾਤਾ ਪਿਤਾ ਦੀ ਸੇਵਾ, ਧਰਮ ਦੀ ਕਿਰਤ, ਵਿਕਾਰਾਂ ਦਾ ਤਿਆਗ ਅਤੇ ਸੱਚੀ ਅਤੇ ਸਵੱਛ ਜ਼ਿੰਦਗੀ ਦੇ ਨਿਯਮਾਂ ਤੇ ਚਲਣਾ ਆਪ ਦੇ ਮੁਖ ਉਦੇਸ਼ ਸਨ ।

ਆਪ ਨੇ 40 ਸਾਲ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਦੁਆਰਾ ਲੋਕਾਂ ਨੂੰ ਨਾਮ-ਬਾਣੀ ਵਲ ਪ੍ਰੇਰਿਆ । 31 ਜਨਵਰੀ, 1855 ਈ: ਨੂੰ ਆਪ ਦੇ ਮਿਰਤਕ ਸਰੀਰ ਨੂੰ, ਆਪ ਦੇ ਹੁਕਮ ਅਨੁਸਾਰ ਸਾਰੇ ਕਰਮ ਕਾਂਡ ਤਿਆਗ ਕੇ, ਲਈ ਨਦੀ ਦੇ ਛੰਬ ਵਿਚ ਜਲ ਪ੍ਰਵਾਹ ਕੀਤਾ ਗਿਆ । ਛੰਬ ਕਿਨਾਰੇ ਹੀ ਅਰਦਾਸਾ ਸੋਧ ਕੇ, ਸੰਗਤਾਂ ਨੂੰ ਲੁਚੀ-ਕੜ੍ਹਾਹ ਪ੍ਰਸ਼ਾਦਿ ਦੀ ਦੇਗ਼ ਵਰਤਾਈ ਗਈ ।ਇਹ ਸਮਾਂ ਉਨ੍ਹਾਂ ਦੇ ਅਕਾਲ ਪੁਰਖ ਨਾਲ ਅਭੇਦ ਹੋਣ ਕਰਕੇ ਮੰਗਲਾਚਾਰ ਦਾ ਸਮਾਂ ਮੰਨਿਆ ਗਿਆ ।

**10. ਸਾਹਿਬ ਰੱਤਾ ਜੀ ਨਿਰੰਕਾਰੀ**—(ਬਾਬਾ ਰਤਨ ਚੰਦ ਜੀ)—ਸ੍ਰੀ ਸਾਹਿਬ ਦਿਆਲ ਜੀ ਨਿਰੰਕਾਰੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ । ਆਪ ਦਾ ਜਨਮ 25 ਮਾਰਚ 1830 ਨੂੰ ਰਾਵਲਪਿੰਡੀ ਵਿਖੇ ਹੋਇਆ । ਆਪ ਜੀ ਨੇ ਆਪਣੇ ਪਿਤਾ ਦੇ ਪਾਏ ਪੂਰਨਿਆਂ ਤੇ ਚਲ ਕੇ ਧਨੀ, ਪੋਠੋਹਾਰ, ਕਸ਼ਮੀਰ ਅਤੇ ਫ਼ਰੰਟੀਅਰ ਦੇ ਇਲਾਕੇ ਵਿਚ ਗੁਰਮਤਿ ਦਾ ਪ੍ਰਚਾਰ ਕੀਤਾ । ਨਵੇਂ ਨਿਰੰਕਾਰੀ ਕੇਂਦਰ (ਬੀੜੇ) ਥਾਂ-ਥਾਂ ਕਾਇਮ ਕੀਤੇ । ਸਿੰਘ ਸਭਾ ਲਹਿਰ ਦੇ ਮੋਢੀਆਂ ਨੇ ਆਪ ਤੋਂ ਹੀ ਪ੍ਰਭਾਵਿਤ ਹੋ ਕੇ ਗੁਰਮਤਿ ਰਹੁ-ਰੀਤ ਨੂੰ ਅਪਨਾਇਆ । ਭਾਈ ਜਵਾਹਰ ਸਿੰਘ ਕਪੂਰ ਲਾਹੌਰ ਵਾਲੇ ਦੀ ਸਪੁੱਤਰੀ ਬੀਬੀ ਦੁਰਗਾ ਦਾ ਗੁਰਮਤਿ ਅਨੁਸਾਰ ਆਨੰਦ-ਕਾਰਜ ਨਿਰੰਕਾਰੀ ਪ੍ਰਚਾਰਕਾਂ ਨੂੰ ਭੇਜ ਕੇ ਪਹਿਲਾ ਵੇਰ, ਸਿੰਘ ਸਭਾ ਦੀ ਸਟੇਜ ਤੇ ਲਾਹੌਰ ਵਿਖੇ ਕਰਵਾਇਆ । ਹਿੰਦੂ ਅਤੇ ਮੁਸਲਮਾਨ ਵਿਆਹ ਮਰਿਯਾਦਾ ਕਾਨੂੰਨੀ ਤੌਰ 'ਤੇ ਪ੍ਰਵਾਨਿਤ ਸਨ ।ਆਨੰਦ ਵਿਆਹ ਦੀ ਪ੍ਰਪਾਟੀ ਜੋ ਆਪ ਜੀ ਦੇ ਸਤਿਕਾਰ ਯੋਗ ਪਿਤਾ ਸ੍ਰੀ ਸਾਹਿਬ ਦਇਆਲ ਜੀ ਅਤੇ ਆਪ ਜੀ ਦੇ ਵੱਡੇ ਭਰਾਤਾ ਸ੍ਰੀ ਸਾਹਿਬ ਦਰਬਾਰਾ ਸਿੰਘ ਜੀ ਨੇ ਅਨੰਤ ਕਠਿਨਾਈਆਂ

ਝਾਗ ਕੇ ਚਲਾਈ ਸੀ, ਉਹ ਕਾਨੂੰਨੀ ਪੱਖੋਂ ਊਣੀ ਸੀ । ਇਸ ਘਾਟ ਨੂੰ ਮਹਿਸੂਸ ਕਰਕੇ, ਜਦੋਂ ਮਹਾਰਾਜਾ ਹੀਰਾ ਸਿੰਘ ਨਾਭਾ ਅਤੇ ਉਨ੍ਹਾਂ ਦੇ ਸਪੁੱਤਰ ਟਿੱਕਾ ਰਿਪਦੁਮਨ ਸਿੰਘ ਰਾਵਲਪਿੰਡੀ ਸਾਹਿਬ ਰੱਤਾ ਜੀ ਮਹਾਰਾਜ ਦੇ ਦਰਸ਼ਨਾਂ ਨੂੰ ਨਿਰੰਕਾਰੀ ਦਰਬਾਰ ਆਏ ਤਾਂ ਉਨ੍ਹਾਂ ਨੂੰ ਸਾਹਿਬਾਂ ਨੇ ਪ੍ਰੇਰਨਾ ਦਿੱਤੀ ਕਿ ਉਹ ਉਦਮ ਕਰਕੇ ਆਨੰਦ ਵਿਆਹ ਪ੍ਰਣਾਲੀ ਨੂੰ ਕਾਨੂੰਨੀ ਹੈਸੀਅਤ ਦਿਵਾਉਣ । ਅਨੰਦ ਵਿਆਹ ਨਿਰੰਕਾਰੀ ਸਿੱਖਾਂ ਵਿਚ ਪ੍ਰਚਲਿਤ ਹੋਣ ਦਾ ਜ਼ਿਕਰ, ਆਨੰਦ ਵਿਆਹ ਦੇ ਬਿਲ ਤੇ ਬੋਲਦਿਆਂ ਸ: ਸੁੰਦਰ ਸਿੰਘ ਮਜੀਠੀਆ ਜੀ ਨੇ ਵੀ ਕੀਤਾ । ਆਨੰਦ ਵਿਆਹ ਦੇ ਬਿਲ ਤੇ ਬੋਲਦਿਆਂ 8 ਅਕਤੂਬਰ, 1909 ਈ: ਨੂੰ ਲੈਫਟੀਨੈਂਟ ਗਵਰਨਰ ਪੰਜਾਬ ਨੇ 'ਸਿੱਖ' ਦੀ ਵਿਆਖਿਆ ਕਰਦਿਆਂ ਆਪਣੇ ਭਾਸ਼ਨ ਵਿਚ ਕਿਹਾ, 'ਸਿੱਖ' ਉਹ ਹੈ ਜੋ ਗੁਰੂ ਗ੍ਰੰਥ ਸਾਹਿਬ ਜੀ ਤੇ ਨਿਸ਼ਚਾ ਰੱਖਦਾ ਹੋਵੇ ਅਤੇ ਆਪਣੇ ਧਾਰਮਿਕ ਅਸੂਲ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਮੰਨੇ । ਟਿੱਕਾ ਰਿਪਦੁਮਨ ਸਿੰਘ ਦੇ ਬਹੁਤ ਸਾਰੇ ਹਮਾਇਤੀ ਜੋ ਇਸ ਬਿਲ ਦੀ ਪ੍ਰੋੜਤਾ ਕਰਦੇ ਸਨ, ਉਹ ਜਾਂ ਤਾਂ ਸਹਿਜਧਾਰੀ ਹਨ ਜਾਂ ਉਹ ਹਨ, ਜਿਨ੍ਹਾਂ ਨੇ ਅੰਮ੍ਰਿਤ ਨਹੀਂ ਛਕਿਆ ਅਤੇ ਸਿੰਘ ਨਹੀਂ ਸਜੇ ਅਤੇ ਉਨ੍ਹਾਂ ਵਿਚੋਂ ਬੜੀਆਂ ਮਸ਼ਹੂਰ ਹਸਤੀਆਂ ਨੇ ਆਪਣੇ ਵਿਆਹ 'ਆਨੰਦ-ਕਾਰਜ' ਦੇ ਤਰੀਕੇ ਨਾਲ ਕਰਾਏ ਹਨ ।

ਟਿੱਕਾ ਸਾਹਿਬ ਦੇ ਸਹਿਜਧਾਰੀ ਹਮਾਇਤੀਆਂ ਦਾ ਜੋ ਜ਼ਿਕਰ ਲੈਫਟੀਨੈਂਟ ਗਵਰਨਰ ਨੇ ਕੀਤਾ ਹੈ,ਉਹ ਸਾਹਿਬ ਰੱਤਾ ਜੀ ਅਤੇ ਉਨ੍ਹਾਂ ਦੇ ਸੇਵਕ ਸਨ ।

ਸਾਹਿਬ ਰੱਤਾ ਜੀ ਨੇ ਸੰਮਤ 1930 (ਸੰਨ 1873) ਨੂੰ ਸਭ ਸਿੱਖਾਂ ਪ੍ਰਤਿ ਪ੍ਰਵਾਨਾ ਜਾਰੀ ਕੀਤਾ । ਜਿਸ ਵਿਚ ਆਪ ਨੇ ਹੁਕਮ ਕੀਤਾ ਕਿ ਆਪ ਸਾਹਿਬ ਦਰਬਾਰਾ ਸਿੰਘ ਜੀ ਦੇ ਲਿਖੇ ਨਿਰੰਕਾਰੀ ਚਲਣ ਦੇ ਚਿੱਠੇ ਤੇ (ਜਿਸ ਵਿਚ ਸਾਰੇ ਕਾਰਜ ਗੁਰਮਤਿ ਅਨੁਸਾਰ ਕਰਨ ਦਾ ਵੇਰਵਾ ਹੈ, ਇਹ ਚਿਠਾ ਸੰ: 1856 ਵਿਚ ਜਾਰੀ ਹੋਇਆ ਸੀ) ਦ੍ਰਿੜ ਰਹੋ । ਸੰਗਤਾਂ ਦੇ ਬੀੜ਼ੇਦਾਰਾਂ ਨੂੰ ਪ੍ਰਵਾਨੇ ਤੇ ਦਸਤਖ਼ਤ ਕਰਨ ਲਈ ਹੁਕਮ ਕੀਤਾ ਕਿ ਉਹ ਆਪਣੇ ਇਸ ਫ਼ਰਜ਼ ਨੂੰ ਪੂਰਾ ਕਰਨਗੇ ਦੀ ਪੁਸ਼ਟੀ ਵਜੋਂ ਹਸਤਾਖਰ ਕਰਨ ।

ਉਪਰ ਦਸੇ ਗਏ ਸਹਿਜਧਾਰੀ ਪੁਰਸ਼ਾਂ ਦੇ ਜੀਵਨ ਤੋਂ ਸਪੱਸ਼ਟ ਹੁੰਦਾ ਹੈ, ਇਹ ਸਹਿਜ ਅਵਸਥਾ ਧਾਰਨੀ-ਗੁਰਮੁਖ ਬੜੇ ਮਹਾਨ ਤਿਆਗੀ ਹੋਏ ਹਨ। ਸਹਿਜਧਾਰੀ ਸਿੱਖ ਗੁਰ-ਚਰਨਾਂ ਦੇ ਭੌਰੇ ਅਤੇ ਆਪਣਾ ਤਨ,ਮਨ,ਧਨ ਸਭ ਕੁਝ ਗੁਰੂ ਅਰਪਨ ਕਰਨ ਵਿਚ ਆਪਣੇ ਧੰਨ ਭਾਗ ਸਮਝਦੇ ਸਨ। ਇਨ੍ਹਾਂ ਬਾਰੇ ਇਹ ਗੱਲ ਪ੍ਰਚਲਿਤ ਕਰਨੀ ਕਿ ਇਹ ਸਹਿਜੇ ਸਹਿਜੇ ਸਿੰਘ ਸਜਣਗੇ ਅਤੇ ਗੁਰੂ ਦਾ ਹੁਕਮ ਸਹਿਜੇ ਸਹਿਜੇ ਅਪਨਾਉਣਗੇ, ਇਹ ਬੜੀ ਹਾਸੋਹੀਣੀ ਦਲੀਲ ਹੈ। ਇਸ ਤਰ੍ਹਾਂ ਦੇ ਵਿਚਾਰ ਦੁਆਰਾ ਅਸੀਂ ਸਹਿਜਧਾਰੀ ਸਿੱਖਾਂ ਨਾਲ ਪੂਰਾ ਇਨਸਾਫ਼ ਨਹੀਂ ਕਰਦੇ।

### ਸਹਿਜਧਾਰੀ ਸਿੱਖ ਸੰਪ੍ਰਦਾਵਾਂ

**ਉਦਾਸੀ** : ਸਿੱਖ ਸੰਪ੍ਰਦਾਵਾਂ ਵਿਚੋਂ ਸਭ ਤੋਂ ਪੁਰਾਣੀ, ਸਹਿਜਧਾਰੀ ਸੰਪ੍ਰਦਾਇ ਉਦਾਸੀਆਂ ਦੀ ਹੈ। ਉਦਾਸੀਆਂ ਨੇ ਵਿਅਕਤੀਗਤ ਅਤੇ ਸੰਪ੍ਰਦਾਇਕ ਤੌਰ ਤੇ ਸਿੱਖ ਪੰਥ ਦੀ ਮਹਾਨ ਸੇਵਾ ਕੀਤੀ ਹੈ। ਇਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਨਾਂ ਦਾ ਪਰਚਮ ਭਾਰਤ ਦੇ ਕੋਨੇ ਕੋਨੇ ਤੇ ਬੁਲੰਦ ਕੀਤਾ। ਸਿੰਧ ਵਿਚ ਸਾਧ ਬੇਲਾ ਕੇਂਦਰ ਦੁਆਰਾ ਸਿੰਧੀਆਂ ਨੂੰ ਗੁਰਬਾਣੀ ਦੇ ਲੜ ਲਾਇਆ। ਇਸ ਸੰਪ੍ਰਦਾਇ ਵਿਚ ਮਹਾਨ ਵਿਦਵਾਨ, ਲਿਖਾਰੀ ਅਤੇ ਤਿਆਗੀ ਸੰਤ ਹੋਏ ਹਨ। ਇਨ੍ਹਾਂ ਦੀ ਸੰਪ੍ਰਦਾਇ ਨੂੰ ਸਿੱਖ-ਧਰਮ ਦੀ ਸੰਪ੍ਰਦਾਇ ਨਾ ਸਮਝਣਾ ਇਕ ਭਾਰੀ ਭੁੱਲ ਹੈ। ਕੁਝ ਸਮੇਂ ਤੋਂ ਗੁਰਦਵਾਰਿਆਂ ਦੇ ਪ੍ਰਬੰਧ ਵਜੋਂ ਅਕਾਲੀ ਸਿੰਘਾਂ ਅਤੇ ਉਦਾਸੀ ਸਿੱਖਾਂ ਵਿਚ ਕੁਝ ਮਤ-ਭੇਦ

ਪੈਦਾ ਹੋ ਗਏ ਹਨ। ਪਰ ਸਮੇਂ ਦੀ ਵੰਗਾਰ ਹੈ ਕਿ ਆਪਸ ਵਿਚੋਂ ਭਰਮ-ਭੁਲੇਖੇ ਮਿਲ ਬੈਠ ਕੇ ਦੂਰ ਕੀਤੇ ਜਾਣ।

**ਸੇਵਾ ਪੰਥੀ :** ਅੱਜ ਕੱਲ੍ਹ ਸੇਵਾ ਪੰਥੀ ਸੰਪ੍ਰਦਾਇ ਦੇ ਬਹੁਤ ਸਾਰੇ ਸੰਚਾਲਕ ਸਿੰਘ ਸਜ ਗਏ ਹਨ । ਪਰ ਉਨ੍ਹਾਂ ਨੂੰ ਮੰਨਣ ਵਾਲੇ ਸਹਿਜਧਾਰੀਆਂ ਦੀ ਗਿਣਤੀ ਹਜ਼ਾਰਾਂ ਵਿਚ ਹੈ। ਸੰਤ ਪੰਡਤ ਨਿਸਚਲ ਸਿੰਘ ਜੀ ਜਗਾਧਰੀ ਵਾਲੇ ਬੜੇ ਮਹਾਨ ਤਪੱਸਵੀ ਅਤੇ ਸੰਗਤਾਂ ਵਿਚ ਇਕ ਮੰਨੇ ਪ੍ਰਮੰਨੇ ਵਿਦਵਾਨ ਅਤੇ ਸੇਵਾ ਦੇ ਪੁੰਜ ਸਨ। ਇਨ੍ਹਾਂ ਦਾ ਅਕਾਲ ਚਲਾਣਾ 1978 ਵਿਚ ਹੋਇਆ– ਲਿਖਾਰੀ ਨਾਲ ਆਪ ਦੇ ਨਿੱਘੇ ਸੰਬੰਧ ਸਨ ਅਤੇ ਅੰਮ੍ਰਿਤਸਰ ਜਦੋਂ ਪਧਾਰਦੇ ਦਰਸ਼ਨ ਦੇਂਦੇ ਸਨ।

**ਬੰਦਈ :** ਬਾਬਾ ਬੰਦਾ ਬਹਾਦੁਰ ਦੀ ਬੰਦਈ ਸੰਪ੍ਰਦਾਇ ਵਿਚ ਸ਼ਾਮਿਲ ਹੋਣ ਵਾਲੇ ਕੇਸਾਧਾਰੀ ਅਤੇ ਸਹਿਜਧਾਰੀ ਸਿੱਖ ਬਹੁਤ ਗਿਣਤੀ ਵਿਚ ਹਨ।

**ਨਿਰਮਲੇ :** ਇਸ ਸੰਪ੍ਰਦਾਇ ਵਿਚ ਵੀ ਸਹਿਜਧਾਰੀ ਸਿੱਖ ਕਾਫ਼ੀ ਗਿਣਤੀ ਵਿਚ ਸ਼ਾਮਿਲ ਹਨ।

**ਜਗਿਆਸੀ–ਅਭਿਆਸੀ ਸੰਪ੍ਰਦਾਇ :** ਇਹ ਸੰਪ੍ਰਦਾਇ ਬਹੁਤ ਹੱਦ ਤੱਕ ਸਹਿਜਧਾਰੀ ਸਿੱਖਾਂ ਦੀ ਹੈ। ਇਨ੍ਹਾਂ ਵਿਚ ਮਹਾਨ ਵਿਅਕਤੀਆਂ ਭਗਤ ਜਵਾਹਰ ਜੀ, ਬਾਬਾ ਸੰਗਤਾ ਜੀ, ਬਾਬਾ ਸਾਧੂ ਰਾਮ ਜੀ ਤੇ ਬਾਬਾ ਭਗਵਾਨ ਦਾਸ ਜੀ ਕੈਮਲਪੁਰ ਵਾਲੇ ਵਿਸ਼ੇਸ਼ ਸਤਿਕਾਰ ਦੇ ਪਾਤਰ ਹੋਏ ਹਨ।

**ਨਿਰੰਕਾਰੀ :** ਨਿਰੰਕਾਰੀ ਸਿੱਖ ਸੰਪ੍ਰਦਾਇ ਦੇ ਆਗੂ ਸਹਿਜਧਾਰੀ ਅਤੇ ਕੇਸਾਧਾਰੀ ਚਲੇ ਆਉਂਦੇ ਹਨ। ਇਸੇ ਲਈ ਇਸ ਸੰਪ੍ਰਦਾਇ ਵਿਚ ਵੀ ਸ਼ਾਮਿਲ ਹੋਣ ਵਾਲੇ ਗੁਰਮੁਖ ਸਹਿਜਧਾਰੀ ਗੁਰਸਿੱਖ ਮੌਜੂਦ ਹਨ। ਜੋ ਬਿਨਾਂ ਵਿਤਕਰੇ ਦੇ ਅਖੰਡ ਪਾਠਾਂ ਵਿਚ ਸ਼ਾਮਿਲ ਹੁੰਦੇ ਹਨ। ਅਰਦਾਸੇ ਸੋਧਦੇ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਵਿੱਤਰ ਹੁਕਮ ਲੈਂਦੇ ਹਨ।

ਗੁਰੂ ਨਾਨਕ ਸਾਹਿਬ ਨੇ ਸਿੱਖੀ ਦੇ ਮਹਿਲ ਦੀ ਅਧਿਆਤਮਕ ਤੇ ਦਾਰਸ਼ਨਿਕ ਪੱਖੋਂ ਰੂਪ ਰੇਖਾ ਅਤੇ ਸਿਰਜਨਾ ਆਪਣੀ ਆਯੂ ਵਿਚ ਹੀ ਮੁਕੰਮਲ ਕਰ ਲਈ ਸੀ। ਵਹਿਮਾਂ, ਭਰਮਾਂ, ਪਾਖੰਡ ਅਤੇ ਫੋਕਟ ਕਰਮ ਕਾਂਡ ਦੇ ਪ੍ਰਹਾਰ ਲਈ ਦੇਸ਼ ਵਿਦੇਸ਼ ਰਟਨ ਕੀਤਾ; ਵਿਚਾਰ ਗੋਸ਼ਟੀਆਂ ਦੁਆਰਾ ਆਪਣੇ ਦ੍ਰਿਸ਼ਟੀਕੋਣ ਦਾ ਸਦੀਵੀ ਪ੍ਰਭਾਵ ਛਡਿਆ। ਜ਼ੁਲਮੀਂ ਜਰਵਾਣਿਆਂ, ਰਾਜਿਆਂ, ਸਮਰਾਟਾਂ, ਸਤਾ-ਪ੍ਰਭੂਆਂ ਦੇ ਕੀਤੇ ਅਯੋਗ ਕੰਮਾਂ ਨੂੰ ਆੜੇ ਹੱਥੀਂ ਲਿਆ। ਜੰਗਾਂ, ਯੁੱਧਾਂ ਵਿਚ ਹੋਏ ਜ਼ੁਲਮੀਂ-ਕਾਰਿਆਂ ਵਿਰੁੱਧ ਸ਼ਾਂਤਮਈ ਖੜਗ ਉਠਾਈ – ਸਿੱਖਾਂ ਨੂੰ ਸਹਿਜ-ਮਾਰਗ ਤੇ ਚਲਣ ਦੀ ਪ੍ਰੇਰਨਾ ਦਿੱਤੀ। ਭਾਈ ਸੰਤੋਖ ਸਿੰਘ ਜੀ 'ਨਾਨਕ ਪ੍ਰਕਾਸ਼' ਵਿਚ ਅਧਿਆਤਮਕ ਫ਼ੌਜ ਦਾ ਇਉਂ ਵਰਨਣ ਕਰਦੇ ਹਨ :

ਦਿਗ ਬਿਜੈ ਹੇਤ ਸਾਜ ਬੇਦੀ ਕੁੱਲ ਕੇਤ,  
ਦਲ ਚਲੈ ਦੰਭ ਦਲਬੇ ਕਉ ਦਲਨ ਬਿਦਾਰਿਆ॥  
ਭਗਤੀ ਕੇ ਕੇਤ ਪਟ ਪ੍ਰੇਮ ਕੇ ਸੁਮੇਤ ਕਰ,  
ਕੀਰਤ ਨਿਸ਼ਾਨ ਘਹਿਰਾਨੋ ਘਣਿਹਾਰਿਆ॥  
ਗਿਆਨ ਕਉ ਖੜਗ ਧਰ ਜੁਗਤਿ ਕਮਾਨ ਕਰ,  
ਨਾਨਾ ਦ੍ਰਿਸ਼ਟਾਂਤ ਕੀਨੀ ਸਿਲੀ ਮੁੱਖ ਧਾਰਿਆ॥

ਸਹਿਜ-ਮਾਰਗ ਤੇ ਚਲਣ ਵਾਲੇ ਗੁਰਮੁਖਾਂ ਦਾ ਕਾਫ਼ਲਾ ਗੁਰੂ ਨਾਨਕ ਸਾਹਿਬ ਜੀ ਸਮੇਂ

ਹੀ ਆਪਣੇ ਪੰਧ ਤੇ ਤੁਰ ਪਿਆ ਅਤੇ ਖੰਡੇ ਦੀ ਪਾਹੁਲ ਛਕਣ ਵਾਲੇ ਸਿੰਘਾਂ ਤੋਂ ਇਲਾਵਾ, ਇਸ ਪੰਧ ਦੇ ਰਾਹੀਆਂ ਨੂੰ ਸਿੱਖੀ-ਪਰੰਪਰਾ ਵਿਚ 'ਸਹਿਜਧਾਰੀ' ਲਕਬ ਨਾਲ ਯਾਦ ਕੀਤਾ ਜਾਂਦਾ ਹੈ। ਜਿਵੇਂ ਕੇਸ ਧਾਰਨ ਕਰਨ ਵਾਲਾ ਕੇਸਾਧਾਰੀ, ਨਾਮ ਧਾਰਨ ਕਰਨ ਵਾਲਾ ਨਾਮਧਾਰੀ (ਭਾਵੇਂ ਹੋਰ ਲੋਕ ਵੀ ਨਾਮ ਧਾਰਨੀ ਹਨ,ਪਰ ਇਕ ਵਿਸ਼ੇਸ਼ ਸੰਪ੍ਰਦਾਇ ਲਈ ਇਹ ਸ਼ਬਦ ਸੰਗਿਆ ਬਣ ਗਿਆ ਹੈ) ਕ੍ਰਿਪਾਨ ਧਾਰਨ ਕਰਨ ਵਾਲਾ ਕ੍ਰਿਪਾਨਧਾਰੀ ਅਥਵਾ ਖੜਗਧਾਰੀ, ਮਾਇਆ ਦਾ ਪੁਜਾਰੀ ਮਾਇਆਧਾਰੀ ਅਤੇ ਇਸੇ ਤਰ੍ਹਾਂ ਹੀ ਜਿਸ ਪੁਰਸ਼ ਨੇ ਸਹਿਜ ਅਵਸਥਾ ਨੂੰ ਧਾਰਨ ਕੀਤਾ ਹੋਵੇ, ਉਹ ਸਹਿਜਧਾਰੀ ਹੈ। ਸਹਿਜ (ਅਵਸਥਾ) ਨਿਰੰਕਾਰ ਨਾਲ ਇਕਮਿਕ ਹੋਣ ਦੀ ਹੈ । ਪਰ ਇਸ ਅਵਸਥਾ ਤੇ ਪਹੁੰਚਣ ਲਈ ਬੜੀ ਸਾਧਨਾ ਅਤੇ ਘਾਲਣਾ ਦੀ ਜ਼ਰੂਰਤ ਹੈ।

ਸਿੱਖੀ ਮਾਰਗ ਦੇ ਕਾਰਜ-ਖੇਤਰ ਦਾ ਪ੍ਰਵਾਨਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਦਿ ਸ੍ਰੀ ਜਪੁਜੀ, ਆਸਾ ਦੀ ਵਾਰ, ਸਿਧ ਗੋਸਟਿ, ਦਖਣੀ ਓਅੰਕਾਰ ਆਦਿ ਬਾਣੀਆਂ ਰਚ ਕੇ ਜਾਰੀ ਕੀਤਾ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਹੁਕਮ-ਨਾਮਿਆਂ ਨੂੰ ਵਾਚਣ ਤੋਂ ਪਤਾ ਲਗਦਾ ਹੈ ਕਿ ਖੰਡੇ ਦੀ ਪਾਹੁਲ ਛਕਾਉਣ ਤੋਂ ਪਹਿਲਾਂ ਵੀ ਖ਼ਾਲਸਾ ਪਦ ਸਿੱਖਾਂ ਲਈ ਵਰਤਿਆ ਜਾਂਦਾ ਸੀ। ਪਰ ਸਮੁੱਚੇ ਪੰਥ ਨੂੰ ਖ਼ਾਲਸਾ ਸਦਵਾਉਣ ਦਾ ਮਾਣ ਗੁਰੂ ਗੋਬਿੰਦ ਸਿੰਘ ਜੀ ਨੇ 'ਮਸੰਦ' ਪ੍ਰਥਾ ਖ਼ਤਮ ਕਰਕੇ ਬਖ਼ਸ਼ਿਆ। ਇਹ ਘਟਨਾ ਖੰਡੇ ਦੀ ਪਾਹੁਲ (ਅੰਮ੍ਰਿਤ) ਛਕਾਉਣ ਤੋਂ ਇਕ ਸਾਲ ਪਹਿਲਾਂ ਦੀ ਹੈ। ਭਾਈ ਗੁਰਦਾਸ ਦੂਜੇ ਨੇ ਆਪਣੀ ਵਾਰ ਵਿਚ ਇਕ ਥਾਂ ਇਸ ਦਾ ਸੰਕੇਤ ਇਉਂ ਦਿੱਤਾ :

ਗੁਰ ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ।

ਸੰਗਤ ਵਿਚ ਸਮੂਹ ਨਾਨਕ ਪੰਥੀ ਸ਼ਾਮਿਲ ਸਨ, ਜਿਨ੍ਹਾਂ ਵਿਚ ਅਣਗਿਣਤ ਉਹ ਸਿੱਖ ਸਨ, ਜਿਨ੍ਹਾਂ ਖੰਡੇ ਦੀ ਪਹੁਲ ਨਹੀਂ ਸੀ ਛਕੀ। 'ਖ਼ਾਲਸਾ' ਪਦ ਨਿਰਣਯਾਇਕ ਲੰਮੇਰਾ ਪ੍ਰਸਤਾਵ ਹੈ; ਜੋ ਆਪਣੇ ਆਪ ਵਿਚ ਵਿਸਥਾਰ ਮੰਗਦਾ ਹੈ ।

'ਸਿੰਘ' ਪਰੰਪਰਾ ਦੀ ਸਾਜਨਾ ਵੱਡੀ ਮਹੱਤਵਪੂਰਨ ਕ੍ਰਾਂਤੀ ਸੀ। 'ਸਿੰਘ' ਸੰਸਥਾ ਜੰਗਾਂ ਵਿਚ ਜੂਝਣ ਤੇ ਸਿਰ ਤਲੀ ਤੇ ਰੱਖ ਕੇ ਮੁਗ਼ਲਈ ਸਾਮਰਾਜ ਨਾਲ ਟੱਕਰ ਲੈਣ ਲਈ ਕਾਇਮ ਕੀਤੀ ਗਈ। ਹੁਣ ਤਕ ਨਿਹੰਗ ਸਿੰਘ ਜੋ ਪੂਰੇ ਪੰਜ ਸ਼ਸ਼ਤਰ ਅਸਤਰ ਧਾਰੀ ਹਨ ਆਪਣੇ ਆਪ ਨੂੰ 'ਗੁਰੂ ਦੀਆਂ ਲਾਡਲੀਆਂ ਫ਼ੌਜਾਂ' ਦੀ ਉਪਾਧੀ ਨਾਲ ਜਾਣੂ ਕਰਾਉਂਦੇ ਹਨ।

ਇਹ ਇਤਿਹਾਸਕ ਸਚਾਈ ਹੈ ਕਿ ਜਦੋਂ ਸਿੰਘਾਂ ਦੇ ਸਿਰਾਂ ਦਾ ਮੁੱਲ ਪੈ ਰਿਹਾ ਸੀ, ਇਹ ਸਹਿਜਧਾਰੀ ਹੀ ਸਨ, ਜਿਨ੍ਹਾਂ ਦੇ ਡੇਰਿਆਂ ਵਿਚ ਸਿੰਘ ਚੁਪ-ਚਪਾਤੇ, ਉਨ੍ਹਾਂ ਪਾਸ ਨਿਵਾਸ ਕਰਨ ਲਈ ਜਾਂਦੇ ਅਤੇ ਸਮੇਂ ਦੀ ਸਰਕਾਰ ਨੂੰ ਪਤਾ ਵੀ ਨਹੀਂ ਸੀ ਲੱਗਣ ਦੇਂਦੇ। ਸਹਿਜਧਾਰੀ ਸਿੱਖ, ਸ਼ਸ਼ਤਰਧਾਰੀ ਸਿੰਘਾਂ ਲਈ ਯੁਧਾਂ ਜੰਗਾਂ ਵਿਚ ਲੰਗਰ, ਮਰਹੱਮ-ਪੱਟੀ ਅਥਵਾ ਹੋਰ ਸੇਵਾਵਾਂ ਦਾ ਯਥਾ-ਸ਼ਕਤ ਪ੍ਰਬੰਧ ਕਰਦੇ ਸਨ। ਇਸ ਦੇ ਨਾਲ ਨਾਲ ਹੀ ਇਨ੍ਹਾਂ ਸਹਿਜਧਾਰੀ ਸਿੱਖਾਂ ਨੇ ਗੁਰਮਤਿ ਦਾ ਪ੍ਰਚਾਰ ਹਿਮਾਲੀਆ ਦੀਆਂ ਖੁੰਦਰਾਂ ਤੋਂ ਲੈ ਰਾਜਸਥਾਨ ਅਤੇ ਸਿੰਧ ਦੇ ਮਾਰੂਥਲਾਂ ਤੀਕਰ ਕਰਕੇ ਸਿੱਖ ਧਰਮ ਦੇ ਪ੍ਰਚਮ ਨੂੰ ਉੱਚਾ ਝੁਲਾਈ ਰੱਖਿਆ। ਇਨ੍ਹਾਂ ਦੇ ਯਤਨਾਂ ਸਦਕਾ, ਗੁਰੂ ਨਾਨਕ ਨਾਮ ਲੇਵਾ ਸਿੱਖਾਂ ਦੀ ਗਿਣਤੀ ਭਾਰਤ ਅਤੇ ਬਾਹਰਲੇ ਦੇਸਾਂ ਵਿਚ ਲੱਖਾਂ ਤੋਂ ਉਪਰ ਟੱਪ ਗਈ।

ਵਿਦੇਸ਼ਾਂ ਨੂੰ ਛੱਡ ਕੇ ਲਾਹਸਾ, ਲਦਾਖ, ਤਿੱਬਤ ਦੀਆਂ ਪਹਾੜੀਆਂ ਤੋਂ ਲੈ ਕੇ, ਬੰਬਈ,

ਕਲਕੱਤਾ ਦੇ ਵਿਚਕਾਰ ਭੀਲਾਂ ਦੇ ਦੇਸ਼ ਅਤੇ ਕੰਨਿਆਂ ਕੁਮਾਰੀ ਤੱਕ ਕਰੋੜਾਂ ਦੀ ਗਿਣਤੀ ਵਿਚ ਗੁਰੂ ਨਾਨਕ ਨਾਮ ਲੇਵਾ ਵਸਦੇ ਹਨ। ਪ੍ਰਚਾਰ ਵਲੋਂ ਅਵੇਸਲੇ ਹੋਣ ਕਰਕੇ, ਭਾਵੇਂ ਇਨ੍ਹਾਂ ਲੋਕਾਂ ਨੂੰ ਗੁਰਮਤਿ ਦੀ ਪੂਰੀ ਜਾਣਕਾਰੀ ਨਹੀਂ ਰਹੀ, ਪਰੰਤੂ ਹੁਣ ਵੀ ਗੁਰੂ ਨਾਨਕ ਸਾਹਿਬ ਨੂੰ ਮੰਨਦੇ ਹਨ, ਜਾਣਦੇ ਹਨ ਅਤੇ ਸਿਮਰਦੇ ਹਨ। ਸਤਿਨਾਮ, ਵਾਹਿਗੁਰੂ, ਧੰਨ ਗੁਰੂ ਨਾਨਕ ਦੇਵ ਜੀ ਕਹਿੰਦੇ ਅਤੇ ਗੁਰੂ ਘਰ ਨਾਲ ਪਿਆਰ ਜਤਾਉਂਦੇ ਹਨ।

ਦਸਮ ਪਾਤਸ਼ਾਹ ਨੇ ਖੰਡੇ ਦੀ ਪਾਹੁਲ ਨਾਲ ਸਿੰਘ ਸਜਾਏ ਅਤੇ ਸੰਤ ਸਿਪਾਹੀਆਂ ਦੀ ਪ੍ਰਪਾਟੀ ਦਾ ਸ਼ੁਰੂ ਆਦਿ ਕੀਤਾ। ਸੰਤ-ਸਿਪਾਹੀ ਦੀ ਅਵਸਥਾ ਬੜੀ ਉੱਚੀ ਤੇ ਸੁੱਚੀ ਘਾਲਣਾ ਨਾਲ ਪ੍ਰਾਪਤ ਹੁੰਦੀ ਹੈ। ਇਸੇ ਸਮੇਂ ਹੀ ਸਹਿਜਧਾਰੀ ਪਦ ਉਨ੍ਹਾਂ ਸਿੱਖਾਂ ਲਈ ਵਰਤਿਆ ਜਾਣ ਲਗ ਪਿਆ, ਜਿਨ੍ਹਾਂ ਨੇ ਖੰਡੇ ਦੀ ਪਾਹੁਲ ਨਹੀਂ ਸੀ ਛਕੀ, ਪਰ ਗੁਰਮਤਿ ਦੇ ਧਾਰਨੀ ਸਨ। 'ਸਿੰਘ' ਜਥੇਬੰਦੀ ਦੀ ਧਾਰਮਿਕ ਤੇ ਭਾਈਚਾਰਕ ਦ੍ਰਿਸ਼ਟੀਕੋਣ ਤੋਂ ਮਹਾਨਤਾ ਨੂੰ ਛੁਟਿਆਇਆ ਨਹੀਂ ਜਾ ਸਕਦਾ । ਪਰ 'ਸਿੰਘ' ਦਾ ਵਿਸ਼ੇਸ਼ ਪ੍ਰਯੋਜਨ ਰਾਜਸੀ ਤੇ ਫ਼ੌਜੀ ਹੀ ਸੀ। ਸਾਡੇ ਸਮੁੱਚੇ ਜੀਵਨ ਦੀ ਚੂਲ ਧਰਮ ਹੈ, ਜਿਸ ਦੇ ਆਸਰੇ ਸਾਰੀਆਂ ਸਿੱਖ ਵਿਚਾਰਧਾਰਾਵਾਂ ਦੀ ਲਹਿਰ ਵਿਚ ਰਵਾਨਗੀ ਆਉਂਦੀ ਹੈ। 'ਸਹਿਜਧਾਰੀ' ਪ੍ਰਣਾਲੀ ਧਾਰਮਿਕ ਕਦਰਾਂ ਕੀਮਤਾ ਦੇ ਪਖੋਂ ਤਾਂ ਪੂਰੇ ਸਿੱਖ ਸਨ ਤੇ ਹਨ, ਪਰ ਜੰਗਾਂ ਯੁਧਾਂ ਵਿਚ ਇਨ੍ਹਾਂ ਵਿਚੋਂ ਬਹੁਤਿਆਂ ਦਾ ਰੋਲ ਸਾਵਾਂ ਪੱਧਰਾ ਸੀ, ਪਰ ਸਿੰਘਾਂ ਵਾਂਗ ਕਰਾਰਾ ਨਹੀਂ ਸੀ। ਜਿਵੇਂ ਘਰ ਵਿਚ ਮਾਤਾ-ਪਿਤਾ ਦੇ ਕਰਤਵਾਂ ਦੀ ਸਹਿਜੇ ਹੀ ਵੰਡ ਕੀਤੀ ਜਾ ਸਕਦੀ ਹੈ, ਪਰ ਸਮੁੱਚੇ ਪ੍ਰਵਾਰ ਲਈ ਦੋਵੇਂ ਜੀਅ ਸਹਿਯੋਗੀ ਹੁੰਦੇ ਹਨ। ਇਸੇ ਤਰ੍ਹਾਂ ਹੀ 'ਸਿੰਘ' ਤੇ 'ਸਹਿਜਧਾਰੀ' ਗੁਰਸਿੱਖਾਂ ਦਾ ਆਪਸੀ ਰਿਸ਼ਤਾ ਨਹੁੰ ਤੇ ਮਾਸ ਦਾ ਹੈ ਤੇ ਇਕ ਦੂਜੇ ਤੋਂ ਇਨ੍ਹਾਂ ਦਾ ਵਿਖੇਵਾ ਅਸੰਭਵ ਹੈ।

ਅਧੁਨਿਕ ਵਿਦਵਾਨ ਲਿਖਾਰੀ ਖੋਜ ਪਖੋਂ ਸਹਿਜਧਾਰੀ ਸਿੱਖਾਂ ਨਾਲ ਇਨਸਾਫ਼ ਨਹੀਂ ਕਰਦੇ। ਕਈ ਤਾਂ ਇਨ੍ਹਾਂ ਦੀ ਹੋਂਦ ਤੋਂ ਹੀ ਇਨਕਾਰੀ ਹਨ। ਕਈ ਅਟਕਲਪਚੂ ਘਾੜਤਾਂ ਘੜ ਕੇ ਸਹਿਜਧਾਰੀ ਦੀ ਪਰਿਭਾਸ਼ਾ 'ਸਹਿਜੇ ਸਹਿਜੇ ਸਿੱਖੀ ਧਾਰਨ' ਕਰਨੀ ਦਸਦੇ ਹਨ। ਸਾਡੇ ਇਕ ਵਿਦਵਾਨ ਮਿੱਤਰ ਨੇ ਆਪਣੇ ਪੱਤਰ ਦੁਆਰਾ ਸਹਿਜਧਾਰੀ ਸਿੱਖਾਂ ਦਾ ਰੋਲ ਕੇਵਲ ਸਮਾਜਕ ਮੰਨਿਆ ਹੈ। ਉਹ ਕਿਸੇ ਉਸ ਵਿਅਕਤੀ ਨੂੰ ਸਿੱਖ ਨਹੀਂ ਮੰਨਦੇ, ਜੋ ਕੇਸਾਧਾਰੀ ਨਾ ਹੋਵੇ। ਇਤਿਹਾਸਕ ਤੱਥਾਂ ਦੇ ਅਧਾਰ ਤੇ ਸਪਸ਼ਟ ਹੋਇਆ ਹੈ, ਵਿਪੱਖੀ ਵਿਦਵਾਨਾਂ ਦੇ ਵਿਚਾਰ ਸਿੱਖ ਪਰੰਪਰਾ ਦੇ ਅਨੁਕੂਲ ਨਹੀਂ। ਸਹਿਜਧਾਰੀ ਸਿੱਖਾਂ ਵਿਚ ਵਿਦਵਾਨ, ਗਿਆਨੀ (ਪੰਡਿਤ) ਸੰਤ, ਲਿਖਾਰੀ ਅਤੇ ਸ਼ਹੀਦ ਗੁਰਮੁਖ ਸਿੱਖ ਹੋਏ ਹਨ। ਸਿੱਖ ਧਰਮ ਵਿਚ ਇਨ੍ਹਾਂ ਦੀ ਦੇਣ ਕਿਸੇ ਪੱਖੋਂ ਘੱਟ ਨਹੀਂ।

ਸਿੱਖ ਭਾਵੇਂ 'ਅੰਮ੍ਰਿਤਧਾਰੀ ਸਿੰਘ' ਹੈ ਤੇ ਭਾਵੇਂ 'ਸਹਿਜਧਾਰੀ' ਇਨ੍ਹਾਂ ਨੂੰ ਦਰਜੇ ਦੇ ਕੇ ਵੰਡਣਾ ਭੁਲ ਹੈ। ਇਕ ਨੂੰ ਵੱਡਾ ਤੇ ਦੂਜੇ ਨੂੰ ਛੋਟਾ ਸਮਝਣਾ ਗੁਰ ਆਸ਼ੇ ਦੇ ਵਿਰੁੱਧ ਅਤੇ ਸਮੁੱਚੇ ਪੰਥ ਲਈ ਹਾਨੀਕਾਰਕ ਹੈ। ਦਸਮ ਪਾਤਸ਼ਾਹ ਨੇ ਫ਼ੌਜੀ ਜਥੇਬੰਦੀ ਦਾ ਨਵ-ਨਿਰਮਾਣ ਕੀਤਾ ਤੇ 'ਸਿੰਘਾਂ' ਲਈ ਕਕਾਰਾਂ ਦੀ ਧਾਰਨਾ ਨੂੰ ਦ੍ਰਿੜਤਾ ਨਾਲ ਨਿਭਾਉਣ ਦਾ ਆਦੇਸ਼ ਦਿੱਤਾ। ਜੋ ਸਿੰਘ ਖੰਡੇ ਦੀ ਪਾਹੁਲ ਛਕ ਕ ਰਹਿਤ ਤੋਂ ਮੂੰਹ ਫੇਰ ਲੈਣ ਉਨ੍ਹਾਂ ਨੂੰ 'ਪਤਿਤ' ਹੋਇਆ ਮੰਨਿਆ ਜਾਂਦਾ ਹੈ, ਪਰ ਜਿਨ੍ਹਾਂ ਨੇ ਖੰਡੇ ਦੀ ਪਾਹੁਲ ਨਹੀਂ ਛਕੀ ਅਤੇ ਨਾ ਹੀ ਪ੍ਰਣ ਧਾਰਨ ਕੀਤਾ ਹੈ, ਉਹ ਕਕਾਰ ਨਾ ਰੱਖਦੇ ਹੋਏ ਵੀ ਸਿੱਖ ਸਨ ਤੇ ਹਨ। ਸ਼ਰਤ ਇਕੋ ਹੈ ਜੋ ਸਭ ਲਈ ਹੈ ਕਿ ਗੁਰੂ ਗ੍ਰੰਥ ਸਾਹਿਬ ਤੇ ਭਰੋਸਾ ਰੱਖਦੇ ਹੋਏ, ਗੁਰਮਤਿ ਧਾਰਨੀ ਹੋਣ। ਗੁਰਦੁਆਰਾ ਚੋਣਾਂ ਲਈ

ਇਹੋ ਹੀ ਪਰਿਭਾਸ਼ਾ ਦਿਤੀ ਗਈ ਸੀ, ਜਿਸ ਨੂੰ ਦਿੱਲੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਵਲੋਂ ਬਦਲ ਕੇ ਸਹਿਜਧਾਰੀ ਸਿੱਖਾਂ ਨੂੰ ਵੋਟ ਦੇ ਹੱਕ ਤੋਂ ਮਹਿਰੂਮ ਕਰਕੇ ਸਿੱਖੀ ਦੇ ਕਾਰਜ-ਖੇਤਰ ਨੂੰ ਸੀਮਤ ਕਰ ਦਿੱਤਾ ਹੈ। ਬੇਸ਼ਕ ਇਸ ਤਰ੍ਹਾਂ ਸਿੰਘਾਂ ਨੇ ਗੁਰੂ ਘਰ ਦੀ ਵਿਰਾਸਤ ਗੁਰਦੁਵਾਰੇ ਤਾਂ ਆਪਣੇ ਕਬਜ਼ੇ ਵਿਚ ਲੈ ਲਏ, ਪਰ ਗੁਰੂ ਘਰ ਦੀ ਪੁਰਾਤਨ ਪ੍ਰਚਾਰ ਪ੍ਰਣਾਲੀ ਵਲ ਉਕਾ ਹੀ ਧਿਆਨ ਨਹੀਂ ਦਿੱਤਾ। ਜਿਸ ਦਾ ਨਤੀਜਾ ਇਹ ਹੋਇਆ ਕਿ ਗੁਰੂ ਨਾਨਕ ਦੇਵ ਜੀ ਦਾ ਚਲਾਇਆ ਹੋਇਆ ਨਿਰਮਲ ਪੰਥ, ਜਿਸ ਦਾ ਦਾਅਵਾ ਸੀ ਕਿ "ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ" ਦਾ ਪਤਨ ਹੋਣ ਲੱਗ ਪਿਆ। ਸਹਿਜਧਾਰੀ ਆਪਣੇ ਗੁਰਦੁਵਾਰੇ ਵੱਖਰੇ ਬਨਾਉਣ ਲਈ ਮਜਬੂਰ ਹੋ ਗਏ ਅਤੇ ਕੁਝ ਬਣਾ ਵੀ ਰਹੇ ਹਨ। ਵਿਸ਼ੇਸ਼ ਕਰਕੇ ਦਾਦਾ ਚੇਲਾ ਰਾਮ ਜੀ ਦੀ ਸੰਸਥਾ ਦੇ ਸਿੰਧੀ ਸਿੱਖ ਇਸ ਕਾਰਜ ਖੇਤਰ ਦੀ ਮਿਸਾਲ ਕਹੇ ਜਾ ਸਕਦੇ ਹਨ।

ਸਾਨੂੰ ਠੰਢੇ ਦਿਲ ਨਾਲ ਵਿਚਾਰਨਾ ਚਾਹੀਦਾ ਹੈ ਅਤੇ ਸਹਿਜਧਾਰੀਆਂ ਨੂੰ ਦੂਜੇ ਦਰਜੇ ਦੇ ਸਿੱਖ ਦਾ ਦਰਜਾ ਦੇਣ ਦੀ ਭੁਲ ਨਹੀਂ ਕਰਨੀ ਚਾਹੀਦੀ। ਸਾਨੂੰ ਰਾਜਸੀ ਭਿੰਨ ਭੇਦ ਮਿਟਾ ਕੇ, ਸਹਿਜਧਾਰੀਆਂ ਨੂੰ ਧਾਰਮਿਕ ਖੇਤਰ ਵਿਚ ਬਰਾਬਰ ਦਾ ਦਰਜਾ ਦੇਣਾ ਉਚਿਤ ਹੈ । ਨਹੀਂ ਤਾਂ ਅਸੀਂ ਦਸਾਂ ਪਾਤਸ਼ਾਹੀਆਂ ਦੇ ਆਤਮਿਕ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਸ਼ੇ ਤੋਂ ਦੂਰ ਹੋ ਜਾਵਾਂਗੇ ਅਤੇ ਇਸ ਦਾ ਪਸਚਾਤਾਪ ਸਾਨੂੰ ਦੂਰ-ਭਵਿਖ ਵਿਚ ਕਰਨਾ ਪਵੇਗਾ, ਪਰ ਉਦੋਂ ਸਮਾਂ ਲੰਘ ਚੁੱਕਿਆ ਹੋਵੇਗਾ। ਇਸ ਵਿਚਾਰ ਨੂੰ ਵਧੇਰੇ ਸਪਸ਼ਟ ਕਰਨ ਲਈ ਅਸੀਂ ਰਹਿਤਨਾਮਿਆਂ ਵਿਚੋਂ ਕੁਝ ਕੁ ਤਥ ਸੱਪਸ਼ਟ ਕਰਦੇ ਹਾਂ,ਜਿਨ੍ਹਾਂ ਦੁਆਰਾ ਤਿੰਨ ਪ੍ਰਕਾਰ ਦੇ ਸਿੱਖਾਂ ਦਾ ਪ੍ਰਕਰਣ ਮਿਲਦਾ ਹੈ। ਇਹ ਰਹਿਤਨਾਮੇ ਕਈ ਸਜਣ ਦਸਮ ਪਾਤਸ਼ਾਹ ਵਲੋਂ ਪ੍ਰਵਾਨਿਤ ਮੰਨਦੇ ਹਨ।

"ਤੀਨ ਪ੍ਰਕਾਰ ਮਮ ਸਿੱਖ ਹੈਂ, ਸਹਜੀ, ਚਰਣੀਂ, ਖੰਡ" । ਇਸ ਤੋਂ ਸਿਧ ਹੁੰਦਾ ਹੈ ਕਿ ਦਸਮ ਪਾਤਸ਼ਾਹ ਦੇ ਸਮੇਂ ਸਹਿਜ-ਧਾਰੀ, ਚਰਣ-ਧਾਰੀ, ਖੰਡ-ਧਾਰੀ (ਪਹੁਲ ਛਕਣ ਵਾਲੇ) ਸਿੱਖ ਮੰਨੇ ਗਏ। ਅੰਦਰਲੀ ਰਹਿਤ ਬਾਰੇ ਪਿਆਰਾ ਸਿੰਘ ਪਦਮ ਲਿਖਦੇ ਹਨ :

"ਗੁਰੂ ਸਾਹਿਬ ਨੇ ਗੁਰਬਾਣੀ ਵਿਚ ਸਾਰੀ ਰਹਿਣੀ ਬਹਿਣੀ ਲਈ ਬੁਨਿਆਦੀ ਗੁਰ ਲਿਖ ਦਿੱਤੇ ਹਨ ਤਾਂ ਕਿ ਸਿੱਖ ਆਪਣੇ ਧਰਮ ਕਰਮ ਤੋਂ ਲੈ ਕੇ ਬੋਲ ਚਾਲ, ਵਰਤੋਂ ਵਿਹਾਰ, ਖਾਣ-ਪੀਣ, ਪਹਿਨਣ ਤੇ ਬਾਕੀ ਸੁਚੱਜਾ ਜੀਵਨ ਜੀਉਣ ਲਈ ਲੋੜੀਂਦੀ ਸਿੱਖਿਆ ਹਾਸਿਲ ਕਰਦਾ ਰਹੇ"

ਗੁਰਬਾਣੀ ਵਿਚ ਵਰਤੋਂ ਵਿਹਾਰ, ਬੋਲਚਾਲ, ਖਾਣ ਪੀਣ ਪਹਿਨਣ ਸਭੋ ਕੁਝ ਸ਼ਾਮਿਲ ਹੈ ਜੋ ਨਿਰੀ ਅੰਦਰਲੀ ਰਹਿਤ ਨਹੀਂ, ਸਗੋਂ ਸਮੁੱਚਾ ਜੀਵਨ ਜਾਚ ਦਾ ਖਰੜਾ ਹੈ। ਇਸ ਲਈ ਖੰਡੇ ਦੀ ਪਾਹੁਲ ਛਕ ਕੇ ਜੋ ਸਿੱਖਾਂ ਦੀ ਫੌਜੀ ਜਥੇਬੰਦੀ ਕਾਇਮ ਕੀਤੀ ਗਈ ਤੇ ਜਥੇਬੰਦੀ ਧਰਮ ਦੇ ਅਧੀਨ ਹੋਣ ਕਾਰਨ ਇਸ ਜਥੇਬੰਦੀ ਦੀ ਵਿਸ਼ੇਸ਼ ਬਾਹਰਲੀ ਰਹਿਤ ਵੀ ਧਰਮ ਅਨੁਕੂਲ ਮੁਕਰਰ ਕੀਤੀ ਗਈ ਜੋ ਖੰਡੇ ਦੀ ਪਾਹੁਲ ਛਕ ਕੇ ਪ੍ਰਣ ਲੈ ਕੇ ਰਹਿਤ ਰੱਖ ਕੇ ਮੂੰਹ ਫੇਰ ਲਵੇ ਉਸ ਨੂੰ ਪਤਿਤ, ਕੁਰਾਇਤੀਆ ਗਰਦਾਨਿਆ ਜਾਂਦਾ ਹੈ। ਪਤਿਤ ਲਈ ਤਾਂ ਮੁੜ ਅੰਮ੍ਰਿਤ ਛਕਣਾ ਅਵਸ਼ ਹੈ–ਪਤਿਤ ਦਾ ਅਰਥ ਭਾਵ ਹੈ :–

ਪਤਿਤ : ਵਿ: 1. ਡਿਗਿਆ ਹੋਇਆ, 2. ਧਰਮ ਕਰਮ ਤੋਂ ਡਿਗਿਆ-ਪਾਪੀ "ਪਤਿਤ ਪਵਿਤ੍ਰ ਲੀਏ ਕਰ ਅਪੁਨੇ (ਗੂਜਰੀ ਮ: ੫) ਜਾਤਿ ਤੋਂ ਡਿਗਿਆ 3. ਸਮਾਜੋਂ ਖਾਰਜ (ਕਢਿਆ)

''ਪਤਿਤ-ਜਾਤਿ ਉਤਮ ਭਇਆਂ (ਸੂਹੀ ਮ: ੪) (ਮਹਾਨ ਕੋਸ਼ ਪੰਨਾ 553, 1970)

ਚਾਰ ਬਜਰ ਕੁਰਾਹਿਤਾਂ ਇਹ ਹਨ

1. ਤਮਾਕੂ ਸੇਵਨ, 2. ਕੁਠਾ ਖਾਣਾ, 3. ਮੁਸਲੀ ਦੀ ਕੁਸੰਗਤ, 4. ਕੇਸਾਂ ਦੀ ਬੇਅਦਬੀ

1. ਤਮਾਕੂ, ਕੁਠਾ ਤੇ ਤੁਰਕਣੀ ਦਾ ਸੰਗ ਤਾਂ ਹਰ ਸਿੱਖ ਲਈ ਵਿਵਰਜਤ ਹੈ। 2. ਤਮਾਕੂ ਨਸ਼ਿਆਂ ਦਾ ਪ੍ਰਤੀਕ ਹੈ ਸਭੋ ਨਸ਼ੇ ਗੁਰੂ ਘਰ ਵਿਚ ਵਿਵਰਜਤ ਹਨ। ਮਨ ਦੀ ਆਰਜੀ ਖੁਸ਼ੀ ਤੇ ਉਤੇਜਤਾ ਲਈ ਵਰਤੋਂ ਵਿਚ ਲਿਆਂਦੇ ਸਭੋ ਨਸ਼ੇ ਮਾੜੇ ਹਨ। 3. ਤੁਰਕਣੀ ਪ੍ਰਤੀਕ ਹੈ ਵਿਭਚਾਰਕ ਜੀਵਨ ਦੀ। ਵਿਭਚਾਰੀ ਪੁਰਸ਼ ਸਿੱਖ ਅਖਵਾਉਣ ਦਾ ਅਧਿਕਾਰੀ ਨਹੀਂ।

ਪ੍ਰਦੇਸ਼ਾਂ ਵਿਚ ਵਸਦੇ ਸਿੱਖ ਜੋ ਅੰਮ੍ਰਿਤਧਾਰੀ ਨਹੀਂ ਤੇ ਕੇਸਾਂ ਦੀ ਰਹਿਤ ਨਹੀਂ ਰੱਖਦੇ ਉਨ੍ਹਾਂ ਨੂੰ ਪਤਿਤ ਆਖ ਕੇ ਭੰਡਣਾ ਤੇ ਫਿਟਕਾਰ ਕੇ ਸਿੱਖੀ ਤੋਂ ਦੂਰ ਰੱਖਣ ਦਾ ਬੀੜਾ ਕਈ ਪੁਰਸ਼ਾਂ ਨੇ ਆਪਣੇ ਜਿੰਮੇਂ ਲਿਆ ਹੋਇਆ ਹੈ, ਪਰ ਉਨ੍ਹਾਂ ਪੁਰਸ਼ਾਂ ਦੇ ਆਪਣੇ ਆਚਰਨ ਦੀ ਪੜਚੋਲ ਕਰਨ ਤੇ ਪਤਾ ਲਗਦਾ ਹੈ ਕਿ ਉਨ੍ਹਾਂ ਭਦਰ ਪੁਰਸ਼ਾਂ ਨੇ ਅੰਦਰਲੀ ਰਹਿਤ ਨੂੰ ਤਾਂ ਤਿਲਾਂਜਲੀ ਦਿੱਤੀ ਹੋਈ ਹੈ–ਤੇ ਆਪਣੇ ਅਵਗੁਣ ਤੇ ਪ੍ਰਦਾ ਪੋਸ਼ੀ ਲਈ ਉਹ ਦੂਜਿਆਂ ਦੇ ਛਿਦਰ ਕਢਦੇ ਹਨ ਤੇ ਜਦੋਂ ਕਿਸੇ ਭਲੇ ਪੁਰਸ਼ ਨੇ ਬਾਹਰਲੀ ਰਹਿਤ ਵੀ ਰੱਖੀ ਹੋਵੇ, ਭਦਰਪੁਰਸ਼ ਦਾ ਸਾਥੀ ਜਾਂ ਉਸ ਦੀ ਸੰਸਥਾ ਦੀਆਂ ਉਕਾਈਆਂ ਨੂੰ ਸੋਧਣ ਲਈ ਆਖੇ ਤਾਂ ਇਨ੍ਹਾਂ ਪੁਰਸ਼ਾਂ ਨੇ ਸੁਧਾਈ ਤਾਂ ਕੀ ਕਰਨੀ ਹੈ, ਉਲਟਾ ਸੁਝਾ ਦੇਣ ਵਾਲੇ ਪੁਰਸ਼ ਨੂੰ ਮਾਨਸਿਕ ਪਤਿਤ ਆਖ ਕੇ ਭੰਡਦੇ ਹਨ। ਇਹੋ ਜਿਹੇ ਸਜਣਾਂ ਦੀ ਜ਼ਿੰਦਗੀ ਗੁਰਸਿੱਖੀ ਮਾਰਗ ਤੋਂ ਸੱਖਣੀ ਹੈ ਤੇ ਬਾਹਰਲੇ ਦੰਭ ਦਾ ਆਸਰਾ ਇਨ੍ਹਾਂ ਦਾ ਸਹਾਰਾ ਹੈ। ਗੁਰਸਿੱਖੀ ਪ੍ਰੇਮ ਦਾ ਮਾਰਗ ਹੈ। ਫਿਕੇ ਬੋਲ ਕਬੋਲ ਦੀ ਗੁਰੂ ਘਰ ਵਿਚ ਮਨਾਹੀ ਹੈ।

ਸਿਖ ਧਰਮ ਦੇ ਮਹਾਨ ਵਿਦਵਾਨ ਤੇ ਚਿੰਤਕ ਪ੍ਰੋ: ਨਰੈਣ ਸਿੰਘ ਜੀ ਨਾਲ 16 ਮਾਰਚ 1981 ਨੂੰ ਇਸ ਵਿਸ਼ੇ ਬਾਰੇ ਵਿਚਾਰ ਹੋਈ ਤਾਂ ਉਨ੍ਹਾਂ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਸਿੱਖ ਬੱਚਾ ਬੱਚੀ ਜਦੋਂ ਤੱਕ ਅੰਮ੍ਰਿਤਪਾਨ ਨਹੀਂ ਕਰਦੇ, ਤਦੋਂ ਤੱਕ ਉਨ੍ਹਾਂ ਲਈ ਪੰਜਾਂ ਕਕਾਰਾਂ ਦੀ ਰਹਿਤ ਰਖਣੀ ਲਾਜ਼ਮੀ ਨਹੀਂ ਕਹੀ ਜਾ ਸਕਦੀ ਤੇ ਨਾ ਹੀ ਉਨ੍ਹਾਂ ਨੂੰ ਪਤਿਤ ਕਿਹਾ ਜਾ ਸਕਦਾ ਹੈ।

**ਉਪਰਲੀ ਵਿਚਾਰ ਤੋ ਅਸੀਂ ਹੇਠ ਲਿਖੇ ਤੱਥਾਂ ਤੇ ਅਪੜਦੇ ਹਾਂ :**

ੳ. ਸਹਿਜਧਾਰੀ ਸਿੱਖ ਸਹਿਜ-ਅਵਸਥਾ ਦੇ ਧਾਰਨੀ ਅਤੇ ਪੂਰਨ ਗੁਰਸਿੱਖ ਹਨ, ਭਾਵੇਂ ਇਨ੍ਹਾਂ ਨੇ ਖੰਡੇ ਦਾ ਅੰਮ੍ਰਿਤ ਪਾਨ ਨਹੀਂ ਕੀਤਾ। ਇਹ ਖੁਲ੍ਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਇਨ੍ਹਾਂ ਗੁਰਮੁਖ ਗੁਰਸਿੱਖਾਂ ਨੂੰ ਮਿਲੀ ਸੀ; ਜੋ ਇਨ੍ਹਾਂ ਦੇ ਵਿਰਸੇ ਵਿਚ ਚਲਦੀ ਆ ਰਹੀ ਹੈ।

ਅ. ਸਹਿਜਧਾਰੀ ਸਿੱਖਾਂ ਨੂੰ ਦੂਜੇ ਦਰਜੇ ਦੇ ਸਿੱਖ ਸਮਝਣਾ ਜਾਂ ਇਨ੍ਹਾਂ ਦੀ ਹੋਂਦ ਤੋਂ ਮੁਨਕਰ ਹੋਣਾ; ਇਨ੍ਹਾਂ ਦੇ ਸਹਿਜੇ ਸਹਿਜੇ ਸਿੰਘ ਸਜਣ ਜਾਂ ਇਨ੍ਹਾਂ ਨੂੰ ਸਿੰਘਾਂ ਦਾ ਕੇਵਲ ਸਮਾਜਕ ਭਾਗ ਮੰਨਣਾ ਆਦਿ ਦਲੀਲਾਂ ਪ੍ਰਚਲਿਤ ਕਰਨਾ, ਵੱਡੀ ਭੁੱਲ ਹੈ।

ੲ. ਸਹਿਜਧਾਰੀ ਸਿੱਖਾਂ ਦੀ ਗੁਰਦੁਆਰਿਆਂ ਵਿਚੋਂ ਪ੍ਰਤੀਨਿਧਤਾ ਨੂੰ ਖ਼ਾਰਜ ਕਰਨਾ ; ਕਿਸੇ ਤਰ੍ਹਾਂ ਉਚਿੱਤ ਨਹੀਂ। ਇਸ ਤਰ੍ਹਾਂ ਅਸੀਂ ਸਿੱਖਾਂ ਦੇ ਇਕ ਤਕੜੇ ਵਰਗ ਨੂੰ ਸਿੱਖੀ ਤੋਂ ਦੂਰ ਕਰਨ ਦੇ ਅਪਰਾਧ ਤੋਂ ਕਿਸ ਤਰ੍ਹਾਂ ਸੁਰਖ਼ਰੂ ਹੋ ਸਕਦੇ ਹਾਂ?

# ਭਗਵਤ ਗੀਤਾ ਦਾ ਸ਼ਬਦ ਸੰਕਲਪ ਤੇ ਬਹੁਜਨ ਸਮਾਜ

**ਭਾਈ ਬਲਦੇਵ ਸਿੰਘ ਬੰਬੀਹਾ**

---

ਸ੍ਰੀ ਮਦ ਭਗਵਤ ਗੀਤਾ ਵਿਚ ਸਥਿਤ-ਪ੍ਰਗਿਆ ਅਵਸਥਾ ਜਾਂ ਪਰਮਗਤੀ ਨੂੰ ਪ੍ਰਾਪਤ ਕਰਨ ਲਈ ਸ਼ਬਦ ਦੇ ਜਾਪ ਵਾਲਾ,ਨਿਰਗੁਣਵਾਦੀ ਬ੍ਰਹਮ ਗਿਆਨ ਵੀ ਹੈ । ਭਾਵੇਂ ਇਸ ਲੇਖ ਵਿਚ ਵਰਨਣ ਕੀਤੇ ਗੀਤਾ ਦੇ ਅਜਿਹੇ ਸ਼ਲੋਕਾਂ ਨੂੰ ਨਿਰਗੁਣ ਖੇਤਰ ਵਿਚ ਰੱਖਿਆ ਹੈ, ਪਰ ਹਰ ਸਮਝਦਾਰ ਪੁਰਸ਼ ਸਮਝ ਸਕਦਾ ਹੈ ਕਿ ਇਨ੍ਹਾਂ ਸ਼ਬਦ ਜਾਪ ਵਾਲੇ ਸ਼ਲੋਕਾਂ ਵਿਚ ਸਰਗੁਣਵਾਦ ਅਥਵਾ ਪਦਾਰਥ ਪੂਜਾ ਦਾ ਸੰਕਲਪ ਡੁਲ ਡੁਲ ਪੈਂਦਾ ਹੈ ।

ਗੀਤਾ ਦੇ ਇਹ ਸ਼ਲੋਕ ਤਾਂ ਇਸ ਗੱਲ ਦਾ ਪ੍ਰਮਾਣ ਹਨ ਕਿ ਉੱਚ ਜਾਤੀ ਸਮਾਜ ਨੂੰ, ਜਿਸ ਨੇ ਬਹੁਜਨ ਸਮਾਜ ਦੇ ਲੋਕਾਂ ਨੂੰ ਹਰੇਕ ਤਰ੍ਹਾਂ ਦੇ ਗਿਆਨ ਤੋਂ ਧੱਕੇ ਜ਼ਬਰ ਨਾਲ ਵਾਂਝੇ ਕੀਤਾ ਸੀ, ਉਸ ਨੂੰ ਨਿਰਗੁਣਵਾਦੀ-ਬ੍ਰਹਮ ਗਿਆਨ ਜਾਂ ਸ਼ਬਦ ਉਪਾਸਨਾ ਦੀ ਪਾਵਨ ਉਪਯੋਗਤਾ ਦਾ ਪਤਾ ਸੀ । ਉਂਜ ਦੇਸ਼ ਦੀ ਹਰ ਜਗ੍ਹਾਂ, ਹਰ ਥਾਂ ਤੇ ਮੂਰਤੀ ਪੂਜਾ ਹੁੰਦੀ ਵੇਖ ਕੇ, ਆਮ ਆਦਮੀ ਨੂੰ ਇਹੋ ਭੁਲੇਖਾ ਪੈਂਦਾ ਹੈ ਕਿ ਉੱਚ ਜਾਤੀ ਸਮਾਜ ਸਿਰਫ ਸਰਗੁਣਵਾਦ ਵਿਚ ਵਿਸ਼ਵਾਸ ਰੱਖਦਾ ਹੈ । ਵੇਦਾਂਤ ਫਲਸਫੇ ਦਾ ਪਤਾ ਹੈ । ਤਦੇ ਉਨ੍ਹਾਂ ਦੇ ਟਰੇਂਡ ਕੀਤੇ ਪ੍ਰਚਾਰਕ 'ਨਾਮ ਸਿਮਰਨ' ਦੀ ਸੰਗਤ ਵੀ ਲਾ ਸਕਦੇ ਹਨ ਅਤੇ ਨਾਮ ਸ਼ਬਦ ਵਰਤਾਉਂਦੇ, ਜਿਉਂਦੇ ਮਾਸ ਦੀ ਪੂਜਾ ਵੀ ਕਰਵਾ ਸਕਦੇ ਹਨ ।

ਇਤਿਹਾਸਕ ਸੱਚੀ ਗੱਲ ਤਾਂ ਇਹ ਹੈ ਕਿ ਸ਼ਬਦ ਉਪਾਸਨਾ ਉੱਤੇ ਬਹੁਤਾ ਜ਼ੋਰ ਪਹਿਲਾਂ ਬਹੁਜਨ ਸਮਾਜ ਨਾਲ ਸੰਬੰਧਿਤ ਸੰਤਾਂ ਨੇ ਦਿੱਤਾ ਸੀ, ਫਿਰ ਗੁਰੂ ਸਾਹਿਬਾਨਾਂ ਨੇ ਸ਼ਬਦ ਗੁਰੂ ਲਹਿਰ ਆਰੰਭੀ ਸੀ । ਮਿਲਦੇ ਜੁਲਦੇ ਅਰਥਾਂ ਵਿਚ ਪ੍ਰੋ: ਹਰਿੰਦਰ ਸਿੰਘ ਮਹਿਬੂਬ ਇੰਝ ਕਹਿ ਜਾਂਦੇ ਹਨ ''ਭਗਤ ਬਾਣੀ ਗੁਰੂ ਨਾਨਕ ਅਮਲ ਦੀ ਪਹਿਲੀ ਮੰਜ਼ਿਲ ਸੀ ।

(ਸਹਿਜੇ ਰਚਿਓ ਖਾਲਸਾ, ਪੰਨਾ 333,)

ਜਦੋਂ ਬਹੁਜਨ ਸਮਾਜ 'ਚੋਂ ਪੈਦਾ ਹੋਏ ਸੰਤਾਂ ਨੇ ਸਿਰਫ ਸ਼ਬਦ ਉਪਾਸਨਾ ਉੱਤੇ ਜ਼ੋਰ ਦਿੱਤਾ ਤਾਂ ਭਾਰਤੀ ਸਮਾਜ ਦੀ ਵੰਡ ਦੋ ਤਰ੍ਹਾਂ ਹੋਣ ਲੱਗੀ । ਉਚ ਜਾਤੀ ਸਮਾਜ ਨੇ ਜਿਵੇਂ ਬੁੱਧਸੱਤਵ ਨਾਲ ਪਾਲੀ ਭਾਸ਼ਾ ਦਾ ਸੰਬੰਧ ਹੋਣ ਕਰਕੇ, ਪਾਲੀ ਭਾਸ਼ਾ ਨਾਲ ਘਿਰਣਾ ਸ਼ੁਰੂ ਕਰ ਦਿੱਤੀ, ਉਵੇਂ ਹੀ ਉਹ ਸ਼ਬਦ ਉਪਾਸਨਾ ਤੋਂ ਦੂਰ ਹੁੰਦਾ ਗਿਆ ਅਤੇ ਨਿਰੇ ਸਰਗੁਣਵਾਦ ਤੇ ਟੇਕ ਰੱਖਣ ਲੱਗਾ । ਯਾਦ ਰਹੇ ਜਦੋਂ ਲੋਧੀ ਤੇ ਮੁਗਲ ਬੰਸ ਦਾ ਰਾਜ ਸੀ ਤਦ ਸਾਰੇ ਦੇਸ਼ ਵਿਚ ਨਾਮ ਉਪਾਸਨਾ ਉੱਤੇ ਬਹੁਜਨ ਦੇ ਸੰਤ, ਸਿੱਖ ਗੁਰੂ ਜ਼ੋਰ ਦੇ ਰਹੇ ਸਨ, ਪਰ ਇਸ ਸਮੇਂ ਤੁਲਸੀ ਦਾਸ ਨੇ ਨਵੇਂ ਸਿਰੇ ਤੋਂ ਸਰਗੁਣਵਾਦ ਦਾ ਗ੍ਰੰਥ ਰਮਾਇਣ ਲਿਖਿਆ ਸੀ । ਨਤੀਜੇ ਵਜੋਂ ਉੱਚ ਜਾਤੀ ਸਮਾਜ ਵਿਚ ਘਿਰੇ ਜਹਾਂਗੀਰ ਨੇ ਤੁਲਸੀ ਦਾਸ ਦਾ ਸਨਮਾਨ ਕੀਤਾ ਸੀ, ਪਰ ਸ਼ਬਦ ਉਪਾਸਨਾ ਦੇ ਪਰਮ ਉਪਾਸ਼ਕ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦਿੱਤੇ ਸਨ ।

ਕਿਹਾ ਜਾ ਸਕਦਾ ਹੈ ਕਿ ਨਿਰਗੁਣਵਾਦੀ ਉਪਾਸਨਾ ਉੱਤੇ ਬਹੁਜਨ ਸਮਾਜ ਦੇ ਸੰਤਾਂ ਅਤੇ ਸਿੱਖ ਗੁਰੂਆਂ ਨੇ ਹੀ ਜ਼ੋਰ ਦਿੱਤਾ । ਇਸ ਦੀ ਪੁਸ਼ਟੀ ਮਰਾਠੀ ਵਿਦਵਾਨ ਪ੍ਰਭਾਕਰ ਮਾਚਵੇ, ''ਨਾਮਦੇਵ ਜੀਵਨ ਤੇ ਦਰਸ਼ਨ'' ਪੁਸਤਕ ਵਿਚ ਇੰਝ ਕਰਦੇ ਹਨ, ਬਾਬਾ ਨਾਮਦੇਵ ਤੋਂ ਬਿਨਾਂ ਹੋਰ ਬਹੁਤ ਸਾਰੇ ਮਹਾਂਪੁਰਸ਼ਾਂ ਨੇ ਸਰਗੁਣਵਾਦ ਦੇ ਟਾਕਰੇ ਉੱਤੇ ਨਿਰਗੁਣਵਾਦੀ ਸ਼ਬਦ ਉਪਾਸਨਾ ਤੇ ਜ਼ੋਰ ਦਿੱਤਾ । 'ਮਾਰਕਸਵਾਦ ਤੇ ਗੀਤਾ' ਪੁਸਤਕ ਦੇ ਪ੍ਰਸਿੱਧ ਚਿੰਤਕ ਦਿਲੀਪ ਬੋਸ ਲਿਖਦੇ

ਹਨ ਕਿ ਅਜਿਹੇ ਸੰਤਾਂ ਨੂੰ ਪ੍ਰੋਹਿਤਾਂ ਹੱਥੋਂ ਬੇਅੰਤ ਤਸੀਹੇ ਸਹਿਣੇ ਪਏ । ਸੰਤਾਂ ਨੂੰ ਆਪਣੀਆਂ ਜਨਮ ਭੂਮੀਆਂ ਨੂੰ ਛੱਡਣਾ ਪਿਆ । ਬਾਬਾ ਨਾਮਦੇਵ ਜੀ ਨੂੰ ਮਹਾਂਰਾਸ਼ਟਰ ਛੱਡ ਕੇ ਪੰਜਾਬ ਆਉਣਾ ਪਿਆ । ਇਸ ਤਰ੍ਹਾਂ ਕੁਦਰਤੀ ਰੂਪ ਵਿਚ, ਸਿੱਖ ਧਰਮ ਦੀ ਪਹਿਲੀ ਮੰਜ਼ਿਲ ਤਿਆਰ ਹੋਣ ਲੱਗ ਪਈ । ਬਾਬਾ ਨਾਮਦੇਵ ਦਾ ਜਨਮ 1270 ਈਸਵੀ ਵਿਚ ਹੋਇਆ ਸੀ ।

ਸ਼ਬਦ ਉਪਾਸਨਾ ਦਾ ਸਿਧਾ ਅਰਥ ਪ੍ਰਭੂ ਦਾ ਨਾਮ ਸਿਮਰਨ ਹੈ । ਬ੍ਰਹਮ ਗਿਆਨ ਦੀ ਇਹ ਪੱਦਤੀ ਅਜਿਹੀ ਹੈ ਕਿ ਇਸ ਨੂੰ ਹਰੇਕ ਕਿਸਮ ਦੇ ਕਿੱਤੇ ਵਾਲਾ, ਹਰੇਕ ਥਾਂ ਤੇ, ਹਰੇਕ ਉਮਰ ਵਿਚ, ਹਰੇਕ ਮਰਦ ਜਾਂ ਔਰਤ, ਸੁਰਤੀ ਸ਼ਬਦ ਨਾਲ ਕਰ ਸਕਦਾ ਹੈ । ਬ੍ਰਹਮ ਨਾਲ ਜੁੜ ਸਕਦਾ ਹੈ । ਹਰਚਰਨ ਸਿੰਘ ਸੋਬਤੀ ਇਕ ਥਾਂ ਤੇ ਲਿਖਦਾ ਹੈ ਕਿ ਮਹਾਤਮਾ ਬੁੱਧ ਨੇ ਆਪਣੀ ਉਮਰ ਦੇ ਪੰਜਵੇਂ ਭਾਗ ਅਰਥਾਤ **ਇਕੱਤਰ ਤੇ ਉਨਾਸੀ** ਵਰ੍ਹਿਆਂ ਦੌਰਾਨ ਆਪਣੇ ''ਅਮਿਤਾਸੁਰ ਧਿਆਨ ਸੂਤਰ'' ਦੇ ਅੰਤਰਗਤ **''ਸੁਖਾਵਤੀ ਲੋਕ''** ਤੱਕ ਪੁੱਜਣ ਲਈ ਸ਼ਬਦ ਸਾਧਨਾ ਦਾ ਉਪਦੇਸ਼ ਦਿੱਤਾ ਸੀ ।

ਹਰਚਰਨ ਸਿੰਘ ਸੋਬਤੀ ਦੀ ਗੱਲ ਬਹੁਜਨ ਸਮਾਜ ਲਈ ਬਹੁਤ ਕੀਮਤੀ ਹੈ, ਜਦੋਂ ਉਹ ਇੰਝ ਲਿਖਦੇ ਹਨ ਕਿ''ਇਸ ਲਈ ਨਾਮ ਸਿਮਰਨ ਦੀ ਪਰੰਪਰਾ, ਨਿਸ਼ਚਿਤ ਰੂਪ ਵਿਚ ਬੁੱਧ ਜੀ ਦੇ 'ਅਮਿਤਾਸੁਰ ਧਿਆਨ ਸੂਤਰ' ਤੋਂ ਹੀ ਸ਼ੁਰੂ ਹੋਈ ਮੰਨੀ ਜਾਣੀ ਚਾਹੀਦੀ ਹੈ ।

ਅਸਲ ਵਿਚ ਮੰਨੂਵਾਦ ਉੱਤੇ ਜ਼ੋਰਦਾਰ ਸੱਟ ਤਾਂ ਨਾਮ ਸਿਮਰਨ ਹੀ ਮਾਰਦਾ ਹੈ । ਨਾਮ ਸਿਮਰਨ ਤਲਵਾਰ ਨਾਲੋਂ ਜ਼ਿਆਦਾ ਤਾਕਤਵਰ ਹੈ । ਬਹੁਜਨਾਂ ਲਈ ਅਗੋਂ ਸਵਾਲ ਇਹ ਵੀ ਹੈ ਕਿ ਕਿਸ 'ਸ਼ਬਦ' ਦਾ ਸਿਮਰਨ ਕਰਨਾ ਹੈ ? ਸ਼ਬਦ ਐਸਾ ਜਿਸ ਦੀ ਹੱਦ ਨਹੀਂ । ਹੱਦ ਤੋਂ ਪਰੇ ਹੈ । ਜਿਸ ਦੀ ਕੋਈ ਜਾਤ ਨਹੀਂ । ਸ਼ਬਦ ਬੇਜਾਤ ਹੈ । ਸ਼ਬਦ ਪਖਪਾਤੀ ਨਹੀਂ, ਨਿਰਲੇਪ ਹੈ ।

ਸ੍ਰੀ ਮਦ ਭਗਵਦ ਗੀਤਾ ਵਿਚ ਸ਼ਬਦ 'ਓਂ' ਹੈ, ਜਿਸ ਦਾ ਸਿਮਰਨ ਕਰਨਾ ਹੈ । ਪ੍ਰਸਿੱਧ ਚਿੰਤਕ ਦਿਲੀਪ ਬੋਸ ਤੇ ਸਾਰਦਸਾਈ ਨੇ 'ਸਥਿਤ ਪ੍ਰਗਿਆ' ਨਾਲ ਸੰਬੰਧਿਤ ਬ੍ਰਹਮ ਗਿਆਨ ਦਾ ਵਰਣਨ ਸਿਰਫ ਤਾਰਕਿਕ ਰੂਪ ਵਿਚ ਹੀ ਕੀਤਾ ਹੈ ।

ਪਰ ਗੀਤਾ ਵਿਚਲਾ ਵਰਣਨ 'ਓਂ' ਜਾਤ ਦੇ ਬੋਧ ਤੋਂ ਨਿਵਰਤੀ ਨਹੀਂ ਕਰਾਉਂਦਾ ਹੈ । ਜਿਵੇਂ ਅਧਿਆਏ 8 ਦੇ ਸਲੋਕ 17 ਵਿਚ 'ਓਂ' ਬ੍ਰਹਮ ਵਾਚਕ ਅੱਖਰ ਨੂੰ ਸ੍ਰੀ ਕ੍ਰਿਸ਼ਨ ਜੀ ਆਪਣੇ ਸਮਾਨ ਕਹਿੰਦੇ ਹਨ । ਸਲੋਕ ਦਾ ਉਪਦੇਸ਼ ਹੈ ਕਿ 'ਓਂ' ਜਾਂ ਕ੍ਰਿਸ਼ਨ ਜੀ ਦੇ ਸਿਮਰਨ ਨਾਲ ਪ੍ਰਮਗਤੀ ਪ੍ਰਾਪਤ ਹੋ ਜਾਣੀ ਹੈ ।

ਪਰ ਅਧਿਆਏ 4 ਤੇ 13ਵੇਂ ਸ਼ਲੋਕ ਵਿਚ ਕ੍ਰਿਸ਼ਨ ਜੀ ਆਪ ਚਾਰ ਵਰਨਾਂ ਦੇ ਕਰਤਾ ਹਨ । ਹੋਰ ਸ਼ਲੋਕਾਂ ਵਿਚ ਉਹ 'ਜਾਤਪਾਤ ਤੋੜਨ ਤੋਂ ਅਸਮਰਥ ਹਨ ।' ਤੇ ਜਾਤਪਾਤ ਤੋੜਿਆਂ, ਆਪਣੀ ਜਾਤ ਦੇ ਨਿਸ਼ਚਿਤ ਕੰਮ ਨੂੰ ਨਾ ਕਰਨ ਨਾਲ ਪਾਪ ਲੱਗਦਾ ਹੈ । ਇਸ ਦਾ ਅਰਥ ਇਹੋ ਹੈ ਕਿ ਓਂ ਬਰਾਬਰ ਕ੍ਰਿਸ਼ਨ ਹੈ । ਸੋ 'ਓਂ' ਦਾ ਸਿਮਰਨ ਨਾਲ, ਭਾਰਤ ਦਾ ਮਨੁੱਖ ਵਿਸ਼ੇਸ਼ ਕਰਕੇ ਦਲਿਤ ਉੱਚ ਜਾਤੀਆਂ ਦੇ ਸ਼ਾਸਤਰਾਂ ਵਲੋਂ ਬੰਨੇ ਸੰਗਲਾਂ ਤੋਂ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ । ਓਂ ਤੇ ਕ੍ਰਿਸ਼ਨ ਜਦੋਂ ਇਕ ਸਮਾਨ ਹਨ । ਸੋ ''ਓਂ'' ਚਾਰ ਵਰਨਾਂ ਦੇ ਸਖਤ ਬੰਧਨਾਂ ਦਾ ਵੀ ਕਰਤਾ ਹੈ । ''ਓਂ ''ਸਮਾਜ ਨੂੰ ਜੋੜਨ ਤੋਂ ਅਸਮਰਥ ਹੈ । ਪਰਮਗਤੀ ਪ੍ਰਾਪਤ ਕਰਨ ਵਿਚ ਸਹਾਇਤਾ ਕਰ ਸਕਦਾ ਹੈ ।

ਜਦੋਂ ਕਿ ਸ਼ਬਦ ਗੁਰੂ ਨਾਲ ਜੁੜੇ ਹੋਏ ਸ਼੍ਰੋਮਣੀ ਭਗਤ ਸਾਹਿਬਾਨ ਤਾਂ ਅਜਿਹੇ ਬ੍ਰਹਮਵਾਚਕ

ਸ਼ਬਦ ਨੂੰ ਧਿਆਉਣ ਲਈ ਕਹਿੰਦੇ ਹਨ, ਜਿਸ ਦੇ ਸਿਮਰਨ ਨਾਲ ਖੁਦ ਪਾਰਬ੍ਰਹਮ ਪਰਮਾਤਮਾ ਹੀ ਦਲਿਤਾਂ ਨੀਚਾਂ ਤੇ ਨਿਆਸਰਿਆਂ ਦੇ ਪਿਆਰ ਵਿਚ ਬੱਝ ਜਾਂਦਾ ਹੈ । ਬਾਬਾ ਨਾਮਦੇਵ ਜੀ ਦਾ ਸਾਰੰਗ ਰਾਗ ਵਿਚ ਸ਼ਬਦ ਗਾਵਨਯੋਗ ਹੈ :-

ਮੇਰੀ ਬਾਂਧੀ ਭਗਤੁ ਛਡਾਵੈ, ਬਾਂਧੈ ਭਗਤੁ ਨ ਛੂਟੈ ਮੋਹਿ ॥
ਏਕ ਸਮੈ ਮੋ ਕਉ ਗਹਿ ਬਾਂਧੈ, ਤਉ ਫੁਨਿ ਮੋਪੈ ਜਬਾਬੁ ਨ ਹੋਇ ॥

ਫਰਵਰੀ 93 ਦੇ 'ਸ਼ਬਦ' ਨਾਂ ਦੇ ਵਿਸ਼ਾਲ ਸੰਤ ਸਮਾਗਮ ਵਿਚ ਸਵਾਮੀ ਭਵਹਰ ਆਨੰਦ ਦੇ ਪ੍ਰਵਚਨ ਤੋਂ ਗੁਰੂ ਨਾਨਕ ਸਾਹਿਬ ਜੀ ਦੇ ਵਲੋਂ 'ਓਂ' ਅੱਗੇ ਏਕਾ ਅੰਕ ਲਾਉਣ ਦੀ ਸਮਝ ਪੈਂਦੀ ਹੈ । ਸਵਾਮੀ ਜੀ ਕਹਿੰਦੇ ਹਨ,

''ਧਰਮਾਂ ਵਿਚ ਦੋ ਕਿਸਮ ਦੇ ਸ਼ਬਦ ਹਨ । ਪਹਿਲੀ ਕਿਸਮ ਦੇ ਸ਼ਬਦਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਦੂਜੀ ਕਿਸਮ ਦੇ ਸ਼ਬਦ ਤਿਆਗਣੇ ਚਾਹੀਦੇ ਹਨ । ਪਹਿਲੀ ਕਿਸਮ ਦੇ ਸ਼ਬਦ ਹਨ–ਖਿਮਾਂ ਮੈਤ੍ਰੀ, ਕਰੁਣਾ । ਦੂਜੀ ਕਿਸਮ ਦੇ ਸ਼ਬਦ ਹਨ :- ਮਲੇਛ, ਕਾਫਰ ਆਦਿ । ਪਹਿਲੀ ਕਿਸਮ ਦੇ ਸ਼ਬਦ ਪਿਆਰ ਪੈਦਾ ਕਰਦੇ ਹਨ । ਦੂਜੀ ਕਿਸਮ ਦੇ ਘਿਰਣਾ ਤਨਾਓ ਤੇ ਗਲਤ ਫਹਿਮੀਆਂ ਪੈਦਾ ਕਰਦੇ ਹਨ । ਸੋ ਓਂ ਤਾਂ ਅਪਸ਼ਬਦ ਹੈ, ਸ਼ਬਦ ਨਹੀਂ ।

ਸੁਆਮੀ ਅਨੰਦ ਜੀ ਦੇ ਪ੍ਰਵਚਨ ਵਿਚ ਇਸ ਗੱਲ ਦਾ ਬਹੁਤ ਜ਼ੋਰ ਹੈ ਕਿ ਕੋਈ ''ਸੰਸਾਰੀ ਅਖਰ'' ਭਾਵੇਂ ਪਰਮੇਸ਼ਵਰ ਦਾ ਬੋਧਿਕ ਸ਼ਬਦ ਹੁੰਦਾ ਹੈ ਅਤੇ ਉਸ ਸ਼ਬਦ ਦੇ ਆਸਰੇ ਨਾਲ ਪਰਮਾਤਮਾ ਦੇ ਗੁਣਾਂ ਦਾ ਧਿਆਨ ਧਰ ਕੇ ਅਭਿਆਸ ਕਰਨਾ ਹੁੰਦਾ ਹੈ । ਇਸ ਤਰ੍ਹਾਂ ਨਾਮਰਸੀਆ ਪਰਮੇਸ਼ਵਰ ਦੇ ਗੁਣਾਂ ਵਾਲਾ ਖੁਦ ਹੋ ਜਾਂਦਾ ਹੈ ।

''ਓਂ'' ਦਾ ਧਿਆਨ ਧਰ ਕੇ ਬਹੁਜਨ ਸਮਾਜ ਨੂੰ ਅਜਿਹੇ ਪਰਮਾਤਮਾ ਦਾ ਬੋਧ ਹੁੰਦਾ ਹੈ ਜੋ 'ਚਤੁਰ ਵਰਨ' ਦਾ ਕਰਤਾ ਹੈ । ਪਰ ਸ਼੍ਰੋਮਣੀ ਭਗਤ ਕਬੀਰ ਸਾਹਿਬ ਜੀ ਨੇ ਪਰਮਾਤਮਾ ਬਾਰੇ ਆਪਣੇ ਵਿਚਾਰ ਇਸ ਤੋਂ ਭਿੰਨ ਦਸੇ ਹਨ;

ਅਵਲਿ ਅਲਹ ਨੂਰੁ ਉਪਾਇਆ, ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗ ਉਪਜਿਆ, ਕਉਨ ਭਲੇ ਕੋ ਮੰਦੇ॥

ਯਾਦ ਰਹੇ ਹਰੇਕ ਸ਼ਬਦ ਵਿਚ ਇਕ ਤਾਕਤ ਹੁੰਦੀ ਹੈ । ਫੁੱਲ ਵਿਚ ਖੁਸ਼ਬੂ ਦੀ ਤਾਕਤ ਹੈ, ਪਰ ਸੱਪ ਵਿਚ ਜ਼ਹਿਰ ਦੀ ਤਾਕਤ ਤਾਂ ਹੈ, ਅੰਮ੍ਰਿਤ ਦੀ ਨਹੀਂ । ਇਸ ਤਰ੍ਹਾਂ 'ਓਂ' ਦੀ ਤਾਕਤ ਦੀ ਸਮਝ ਪੈ ਜਾਂਦੀ ਹੈ ਕਿ ਇਹ ਕਿਸ ਕਿਸਮ ਦੀ ਤਾਕਤ ਹੈ । ਬ੍ਰਹਮਵਾਚਕ ਸ਼ਬਦ ਦੀ ਤਾਕਤ ਸਮਾਜ ਨੂੰ ਜੋੜ ਕੇ ਪਰਮਗਤੀ ਵਾਲੀ ਹੋਣੀ ਚਾਹੀਦੀ ਹੈ । ਜਿਸ ਬਾਰੇ ਸ਼੍ਰੋਮਣੀ ਭਗਤ ਸੰਤ ਰਵਿਦਾਸ ਸਾਹਿਬ ਜੀ ਵੀ ਪਰਮਾਤਮਾ ਦੇ ਗੁਣ ਜੋ ਤੋੜਨ ਵਾਲੇ ਨਹੀਂ, ਸਗੋਂ ਜੋੜਨ ਵਾਲੇ ਹਨ ਇਸ ਤਰ੍ਹਾਂ ਬਿਆਨ ਕਰਦੇ ਹਨ;

ਸਰਬੇ ਏਕੁ ਅਨੇਕੈ ਸੁਆਮੀ,
ਸਭ ਘਟ ਭੋੁਗਵੈ ਸੋਈ ।
ਕਹਿ ਰਵਿਦਾਸ ਹਾਥ ਪੈ ਨੇਰੈ,
ਸਹਜੇ ਹੋਇ ਸੁ ਹੋਈ ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ,

ਏਕਮ ਏਕੰਕਾਰੁ ਨਿਰਾਲਾ । ਅਮਰੁ ਅਜੋਨੀ ਜਾਤਿ ਨ ਜਾਲਾ ॥

ਇਸ ਤਰ੍ਹਾਂ ਪਰਮੇਸ਼ਵਰ ਦਾ ਕੋਈ ਬੌਧਿਕ ਸ਼ਬਦ, ਜਾਤ ਦੇ ਅਰਥਾਂ ਵਾਲਾ ਨਹੀਂ ਚਾਹੀਦਾ। ਇਸੇ ਤਰ੍ਹਾਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ''ਓਅੰਕਾਰ'' ਅੱਗੇ ਏਕਾ ਅੰਕ ਲਗਾ ਦਿੱਤਾ ਅਤੇ ਬਹੁਜਨ ਸਮਾਜ ਉੱਤੇ ਭਾਰੀ ਉਪਕਾਰ ਕੀਤਾ। ਪ੍ਰਸਿੱਧ ਸਿੱਖ ਚਿੰਤਕ ਡਾ: ਰਤਨ ਸਿੰਘ ਜੱਗੀ ਗੁਰੂ ਨਾਨਕ : ਵਯਕਤਿਤਵ ਕ੍ਰਿਤਿਤਵ ਔਰ ਚਿੰਤਨ ਨਾਂ ਦੀ ਪੁਸਤਕ ਪੰਨਾ 211 ਉੱਤੇ ਓਅੰਕਾਰ ਤੋਂ ਪਹਿਲਾਂ ੧ (ਇਕ) ਅੰਕ ਲਿਖਣ ਬਾਰੇ ਜ਼ਿਕਰ ਕਰਦੇ ਹਨ :

ਗੁਰੂ ਨਾਨਕ ਸਾਹਿਬ ਨੇ ਮੂਲ ਮੰਤਰ ਕੇ ਆਰੰਭ ਮੇਂ ਓਅੰਕਾਰ ਸੇ ਪਹਿਲੇ ''੧'' (ਗੁਰਮੁਖੀ ਦਾ ਏਕਾ) ਲਿਖ ਕਰ ਇਸ ਕਾ ਸਵਰੂਪ ਨਿਸ਼ਚਤ ਕਰ ਦਿਯਾ ਹੈ। ਕਯੋਂ ਕਿ ਉਪਨਿਸ਼ਦਕ ਪਰੰਪਰਾ ਮੇਂ ਇਸ ਸ਼ਬਦ ਕੋ ਬ੍ਰਹਮ ਕੇ ਲਿਯੇ ਪ੍ਰਯੁਕਤ ਕਰਨੇ ਮੇਂ ਕਈ ਪ੍ਰਕਾਰ ਕੀ ਭ੍ਰਾਂਤ ਧਾਰਨੇ ਉਤਪੰਨ ਹੋ ਸਕਤੀ ਥੀਂ।'' ਕਈ ਪ੍ਰਕਾਰ ਦੀਆਂ ਭਗਤੀਆਂ ਦਾ ਅਰਥ ''ਜਾਤਾਂ'' ਤੋਂ ਬਿਨਾਂ ਹੋਰ ਕੁਝ ਨਹੀਂ। ਗੁਰੂ ਜੀ ਨੇ ਓਅੰਕਾਰ ਤੋਂ ਪਹਿਲੇ ਜੋ ਏਕਾ ਅੰਕ ਲਗਾਇਆ, ਉਹ ਬਹੁਜਨ ਸਮਾਜ ਦੇ ਭਲੇ ਲਈ ਲਗਾਇਆ। ''ਓਂ'' ਦੇ ਜਾਪ ਨੇ ਜੋ ਸਮਾਜ ਦੀ ਬਣਤਰ ਨੀਚ ਤੇ ਉਚ ਵਾਲੀ ਬਣਾਈ ਸੀ। ਉਸ ਨੂੰ ਬਦਲਣ ਹਿੱਤ ਇਹ ਪਰਉਪਕਾਰੀ ਮਹਾਨ ਕ੍ਰਾਂਤੀਕਾਰੀ ਕਾਰਜ ਕੀਤਾ। ਗੁਰੂ ਨਾਨਕ ਦੇਵ ਜੀ ਆਪ ਖ਼ੱਤਰੀ ਜਾਤ ਨਾਲ ਸੰਬੰਧ ਰੱਖਦੇ ਸਨ। ਇਸ ਵਾਸਤੇ ਉਨ੍ਹਾਂ ਨੂੰ ''ਓਂ'' ਦੀ ਭ੍ਰਾਂਤੀ ਬਾਰੇ ਭਲੀ ਪ੍ਰਕਾਰ ਪਤਾ ਸੀ। ਤਦੇ ਬਹੁਜਨ ਸਮਾਜ ਗੁਰੂ ਨਾਨਕ ਦੇਵ ਜੀ ਦਾ ਸਦਾ ਹੀ ਰਿਣੀ ਹੈ ਅਤੇ ਰਹੇਗਾ।

ਹੁਣ ਅਸੀਂ ਗੀਤਾ ਦੇ ''ਓਂ'' ਨਾਲ ਸੰਬੰਧਿਤ ਸਲੋਕਾਂ ਨੂੰ ਪੇਸ਼ ਕਰਦੇ ਹਾਂ। ''ਓਂ'' ਇਕ ਅੱਖਰੇ ਸ਼ਬਦ ਦਾ ਜੋ ਸਿਮਰਨ ਕਰਦਾ ਹੈ ਤੇ ਜੋ ਮੇਰਾ ਸਿਮਰਨ ਕਰਦਾ ਹੈ। ਉਹ ਆਪਣੀ ਦੇਹੀ ਨੂੰ ਤਿਆਗ ਕੇ ਜਦੋਂ ਜਾਂਦਾ ਹੈ ਤਾਂ ਪਰਮਗਤੀ ਨੂੰ ਪ੍ਰਾਪਤ ਕਰਦਾ ਹੈ।

(ਕ੍ਰਿਸ਼ਨ ਜੀ ਵਲੋਂ ਉਪਦੇਸ਼ ਅਧਿਆਇ 8 ਸ਼ਲੋਕ 17)

2. ਮੈਂ ਵਾਕਾਂ ਵਿਚੋਂ ਇਕ ਅੱਖਰੀ ''ਓਂ'' ਹਾਂ। ਯੱਗਾਂ ਵਿਚੋਂ ਯਗ ਹਾਂ। ਮਹਾਂਰਿਸ਼ੀਆਂ ਵਿਚੋਂ ਭ੍ਰਿਗੂ ਰਿਸ਼ੀ ਹਾਂ ਤੇ ਇਸਥਿਰਾਂ ਵਿਚੋਂ ਹਮਾਲਾ ਹਾਂ।

(ਕ੍ਰਿਸ਼ਨ ਜੀ ਦਾ ਉਪਦੇਸ਼ ਅਧਿਆਇ 10,ਸਲੋਕ 25)

3.''ਓਂ'' ਤੱਤ ਸਤ ਇਹ ਭਿੰਨ ਬਿਧੀ ਸ਼ਬਦ ਹੈ। ਜੋ ਬ੍ਰਹਮਵਾਚਕ ਹੈ। ਇਸ ਨਾਲ ਪਹਿਲੇ ਸਮੇਂ ਵਿਚ ਵੇਦ ਰਚੇ ਗਏ। (ਅਧਿਆਇ 17, ਸ਼ਲੋਕ 33)

4. ਇਸ ਲਈ ਬ੍ਰਹਮ ਗਿਆਨੀ ''ਓਂ'' ਸ਼ਬਦ ਨਾਲ ਯੱਗ ਕਰਦੇ ਹਨ। ਦਾਨ ਕਰਦੇ ਹਨ ਅਤੇ ਤਪ ਸ਼ਾਸਤਰ ਵਿਧੀ ਨਾਲ ਆਰੰਭ ਕਰਦੇ ਹਨ।

(ਅਧਿਆਇ 17, ਸਲੋਕ 24)

ਇਨ੍ਹਾਂ ਸ਼ਲੋਕਾਂ ਤੋਂ ਸਾਬਿਤ ਹੁੰਦਾ ਹੈ ਕਿ ਕ੍ਰਿਸ਼ਨ ਜੀ ਨਿਰਗੁਣਵਾਦ ਦੇ ਨਾਲ ਨਾਲ ਸਰਗੁਣਵਾਦ ਉੱਤੇ ਵੀ ਜ਼ੋਰ ਦੇਈ ਜਾਂਦੇ ਹਨ। ਤਦੇ ਉੱਚ ਜਾਤੀ ਲੋਕ ਪੱਥਰ ਪੂਜਾ ਵਿਚ ਜ਼ਿਆਦਾ ਵਿਸ਼ਵਾਸ ਕਰਦੇ ਹਨ। ਗਿਆਨੀ ਸੰਤ ਸਿੰਘ ਮਸਕੀਨ ਆਪਣੀ ਪੁਸਤਕ 'ਖੱਟ ਦਰਸ਼ਨ' ਦੇ ਸਫਾ 38 ਉੱਤੇ ਲਿਖਦੇ ਹਨ ਕਿ 'ਅਸਲ ਵਿਚ ਜੋ ਮਨੁੱਖ ਕਠੋਰ ਹੈ, ਜੜ ਬੱਧ ਹੈ, ਉਸ ਮਨੁੱਖ ਦਾ ਪਰਮਾਤਮਾ ਵੀ ਕਠੋਰ ਹੈ। ਉਸ ਮਨੁੱਖ ਅੰਦਰ ਵਿਤਕਰੇ ਤੇ ਭੇਦ ਭਾਵ ਹਨ। ਮਨੁੱਖ ਦੇ ਰਚੇ ਹੋਏ ਪਰਮਾਤਮਾ ਵਿਚ ਵੀ ਫਿਰ ਭੇਦ ਭਾਵ ਹੈ।''

ਸਰਗੁਣਵਾਦ ਵਿਚ ਸਪੱਸ਼ਟ ਕਠੋਰਤਾ ਹੈ। ਮਨੁੱਖ ਨੇ ਹਰ ਸਮੇਂ ਹੀ ਪਰਮਾਤਮਾ ਨੂੰ

ਆਪਣੀਆਂ ਗਰਜਾਂ ਮੁਤਾਬਕ ਪੇਸ਼ ਕੀਤਾ ਹੈ, ਪਰ ਨਾਮ ਸ਼ਬਦ ਰਾਹੀਂ ਜਿਸ ਪਰਮਾਤਮਾ ਦਾ ਵਰਨਣ ਹੈ। ਇਹ ਸਾਰੇ ਸੰਸਾਰ ਦੀ ਸਰਬ ਮਨੁੱਖਤਾ ਲਈ ਹੈ। ਤਦੇ ਆਧੁਨਿਕ ਯੁੱਗ ਵਿਚ ਕੇਵਲ ਨਾਮ ਸਾਧਨਾ ਦੁਰਸਤ ਮੰਨੀ ਗਈ ਹੈ। ਸ਼੍ਰੋਮਣੀ ਭਗਤ ਸੰਤ ਰਵਿਦਾਸ ਜੀ ਸਾਰਾ ਨਿਚੋੜ ਇਨ੍ਹਾਂ ਸਤਰਾਂ ਵਿਚ ਪੇਸ਼ ਕਰਦੇ ਹਨ।

ਸਤਜੁਗਿ ਸਤੁ ਤੇਤਾ ਜਗੀ, ਦੁਆਪਰਿ ਪੂਜਾਚਾਰ।
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ।

ਸੋ ਸਪੱਸ਼ਟ ਹੈ ਕਿ ਗੀਤਾ ਦੇ ਮਾਡਲ ਵਿਚ ਸ਼ਬਦ ਉਪਾਸਨਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਵਿਚ ਸ਼ਬਦ ਉਪਾਸਨਾ ਵਿਚ ਢੇਰ ਸਾਰਾ ਅੰਤਰ ਹੈ। ਕਈ ਵਿਦਵਾਨ ਤੇ ਕਈ ਅਚਾਰੀਆ ਦੇ ਬਾਪੂ ਦੋਵਾਂ ਵਿਚ ਬਰਾਬਰਤਾ ਦਰਸਾ ਕੇ ਖਾਹਮਖਾਹ ਉੱਚ ਜਾਤਾਂ ਦੇ ਗ੍ਰੰਥਾਂ ਨੂੰ ਬਹੁਜਨ ਸਮਾਜ ਉੱਪਰ ਠੋਸਣ ਦਾ ਯਤਨ ਕਰ ਰਹੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੇ ਹਰੇਕ ਸ਼ਬਦ ਵਿਚ ਨਾਮ ਉਪਾਸਨਾ ਹੀ ਪਰਮਗਤੀ ਨੂੰ ਪ੍ਰਾਪਤ ਕਰਨ ਦਾ ਉੱਤਮ ਸਾਧਨ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਤੇ ਬਾਬਾ ਫਰੀਦ ਜੀ ਤੋਂ ਪਹਿਲਾਂ ਦਾ ਰਚਿਆ ਸੰਤ ਜੈ ਦੇਵ (ਬੰਗਾਲ ਨਿਵਾਸੀ) ਦਾ ਸ਼ਬਦ ਸਾਬਿਤ ਕਰਦਾ ਹੈ ਕਿ ਪਰਮਗਤੀ ਦਾ ਅਸਲੀ ਸਾਧਨ ਕੇਵਲ ਨਾਮੁ ਭਗਤੀ ਹੀ ਹੈ, ਜਿਵੇਂ ਸੰਤ ਜੈ ਦੇਵ ਜੀ ਕਹਿੰਦੇ ਹਨ :

ਕੇਵਲ ਰਾਮ ਨਾਮ ਮਨੋਰਮੰ। ਬੰਦ ਅੰਮ੍ਰਿਤ ਤਤ ਮਾਇਅੰ।
ਨਾਂ ਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ।

ਹੇ ਭਾਈ ! ਕੇਵਲ ਪਰਮਾਤਮਾ ਦਾ ਸੁੰਦਰ ਨਾਮ ਸਿਮਰ, ਜੋ ਅੰਮ੍ਰਿਤ ਭਰਪੂਰ ਹੈ, ਜੋ ਅਸਲੀਅਤ ਭਰਪੂਰ ਹੈ ਅਤੇ ਜਿਸ ਦੇ ਸਿਮਰਨ ਨਾਲ ਜਨਮ, ਮਰਨ ਬੁਢਾਪਾ ਚਿੰਤਾ ਫਿਕਰ ਅਤੇ ਮੌਤ ਦਾ ਡਰ ਦੁੱਖ ਨਹੀਂ ਦਿੰਦਾ।

(ਭਾਈ ਸਾਹਿਬ ਭਾਈ ਸਾਹਿਬ ਸਿੰਘ ਜੀ ਦੇ ਟੀਕੇ ਵਿਚੋਂ)

ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਨਾਲ ਜੁੜੇ ਮਹਾਂਪੁਰਸ਼ ਸਰਗੁਣ ਤੇ ਨਿਰਗੁਣ ਰੂਪ ਨੂੰ ਪੂਰੀ ਤਰ੍ਹਾਂ ਸਮਝਦੇ ਹਨ ਅਤੇ ਇਸੇ ਸਮਝ ਕਰਕੇ ਹੀ ਸਿੱਖੀ ਨੂੰ ਦੇਸ਼ ਦੇ ਕੋਨੇ ਕੋਨੇ ਵਿਚ ਪਹੁੰਚਾਉਣ ਦਾ ਉਪਕਾਰ ਕਰ ਸਕਦੇ ਹਨ। ਜੇ ਇਸ ਤਰ੍ਹਾਂ ਹੋਵੇ ਤਾਂ ਦੇਸ਼ ਵਿਚ ਫੈਲੇ ਬਹੁਜਨ ਸਮਾਜ ਨੂੰ ਬਹੁਤ ਲਾਭ ਹੋਵੇਗਾ। ਪੰਜਾਬ ਦੇ ਸਿੱਖ ਤਾਂ ਹੀ ਸੁਰੱਖਿਅਤ ਹੋ ਸਕਦੇ ਹਨ, ਜੋ ਦੇਸ਼ ਦਾ ਬਹੁਜਨ ਸਮਾਜ ਸ਼ਬਦ ਉਪਾਸਨਾ ਦਾ ਪੂਜਕ ਹੋਵੇ।

## ਜ਼ਰੂਰੀ ਸੂਚਨਾ

**ਸੁਹਿਰਦ ਵਿਦਵਾਨਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਬਾਬਾ ਫਰੀਦ ਜੀ, ਸ੍ਰੀ ਅਕਾਲ ਤਖਤ ਸਾਹਿਬ, ਸਿੱਖ ਸ਼ਖਸ਼ੀਅਤਾਂ ਅਤੇ ਗੁਰਬਾਣੀ ਚਿੰਤਨ ਸੰਬੰਧੀ ਆਪਣੀਆਂ ਰਚਨਾਵਾਂ ਭੇਜਣ। ਰਚਨਾਵਾਂ ਮੁੱਖ ਸੰਪਾਦਕ "ਅਜੂਨੀ" 16-ਨਿਊ ਵਿਜੈ ਨਗਰ, ਝੰਡੀ ਵਾਲੇ ਪੀਰ ਦੇ ਪਿੱਛੇ ਜਲੰਧਰ ਸ਼ਹਿਰ ਨੂੰ ਭੇਜੀਆਂ ਜਾਣ।**

# ਰਾਧਾਸਵਾਮੀ ਅਤੇ ਗੁਰਮਤਿ

ਬਾਬਾ ਸਰਬਜੋਤ ਸਿੰਘ ਬੇਦੀ ਊਨਾ ਸਾਹਿਬ

ਪੁਸਤਕ ਕਿਸੇ ਧਰਮ ਨਾਲ ਸੰਬੰਧਿਤ ਹੋਵੇ, ਮੈਂ ਉਸ ਦੀ ਫ਼ਿਲਾਸਫ਼ੀ ਬਾਰੇ ਜਾਣਨ ਦੀ ਪ੍ਰਬਲ ਇੱਛਾ ਰੱਖਦਾ ਹਾਂ। ਇਸ ਪਿਛੇ ਮੇਰਾ ਮਨੋਰਥ ਇਹੀ ਹੈ ਕਿ ਮੈਂ ਜਾਣ ਸਕਾਂ ਕਿ ਸਿੱਖ ਧਰਮ ਬਾਕੀ ਧਰਮਾਂ ਅਤੇ ਮੱਤਾਂ ਤੋਂ ਕਿਵੇਂ ਭਿੰਨ ਅਤੇ ਉਤਮ ਹੈ, ਬਾਕੀ ਧਰਮਾਂ ਨਾਲ ਉਸ ਦੀ ਕੀ ਸਾਂਝ ਹੈ।

ਪਿਛਲੇ ਦਿਨੀਂ ਰਾਧਾ ਸੁਆਮੀ ਸਤਿਸੰਗ ਬਿਆਸ ਦੁਆਰਾ ਪ੍ਰਕਾਸ਼ਿਤ ਅਤੇ ਜੇ. ਆਰ. ਪੁਰੀ ਰਚਿਤ "ਗੁਰੂ ਨਾਨਕ ਦਾ ਰੂਹਾਨੀ ਉਪਦੇਸ਼" ਪੜ੍ਹ ਰਿਹਾ ਸੀ। ਰਾਧਾ ਸੁਆਮੀ ਮੱਤ ਬਾਰੇ ਮੈਂ ਸੁਣ ਰੱਖਿਆ ਸੀ ਕਿ ਉਹ ਸ਼ਬਦ ਗੁਰੂ ਤੇ ਵਿਸ਼ਵਾਸ਼ ਨਹੀਂ ਰੱਖਦੇ,ਸਰੀਰਕ ਗੁਰੂ ਨੂੰ ਅਹਿਮੀਅਤ ਪ੍ਰਦਾਨ ਕਰਦੇ ਹਨ। ਚਲੋ, ਇਹ ਉਨ੍ਹਾਂ ਦੀ ਮਰਜ਼ੀ। ਹਰੇਕ ਨੂੰ ਆਪਣੇ ਧਰਮ ਦਾ ਮਾਰਗ ਚੁਣਨ ਦੀ, ਆਪਣਾ ਗੁਰੂ ਧਾਰਨ ਕਰਨ ਦੀ ਖੁਲ੍ਹ ਹੈ। ਸਿੱਖ ਧਰਮ ਵਿਗਿਆਨਕ ਅਤੇ ਖੁਲ੍ਹ ਦਿਲਾ ਧਰਮ ਹੈ, ਇਸ ਦੀ ਨਾ ਕੋਈ ਬਰਾਬਰੀ ਕਰ ਸਕਦਾ ਹੈ ਅਤੇ ਨਾ ਹੀ ਕੋਈ ਕਰੇਗਾ। ਸਿੱਖ ਧਰਮ ਵਿਚ ਸੰਕੀਰਣਤਾ ਨਹੀਂ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ;

ਸਾਚੀ ਕਾਰ ਕਮਾਵਣੀ ਹੋਰਿ ਲਾਲਚ ਬਾਦਿ॥
ਇਹੁ ਮਨੁ ਸਾਚੈ ਮੋਹਿਆ ਜਿਹਵਾ ਸਚਿ ਸਾਦਿ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1010)

ਸਿੱਖ ਧਰਮ ਦਾ ਕੂੜ ਤੇ ਝੂਠ ਨਾਲ ਸਖਤ ਵਿਰੋਧ ਹੈ, ਕਿਉਂ ਜੋ ਸਿੱਖ ਧਰਮ ਦਾ ਸੱਚ ਨਾਲ ਜੁ ਰਿਸ਼ਤਾ ਹੋਇਆ। ਜਦੋਂ ਵੀ ਜਿੱਥੇ ਵੀ ਝੂਠ ਤੇ ਕੂੜ ਦਾ ਪ੍ਰਚਾਰ ਹੁੰਦਾ ਹੈ ਜਾਂ ਹੁੰਦਾ ਹੋਵੇ ਤਾਂ ਸਿੱਖ ਧਰਮ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਸੱਚੇ ਮਾਰਗ ਤੇ ਚਲ ਕੇ ਉਸ ਦਾ ਕਰੜਾ ਵਿਰੋਧ ਕਰਦਾ ਹੈ, ਚਾਹੇ ਉਹ ਕੂੜ ਤੇ ਝੂਠ ਦਾ ਪਾਸਾਰਾ ਰਾਜਨੀਤਕ,ਧਾਰਮਿਕ ਅਤੇ ਸਾਮਾਜਿਕ ਆਗੂਆਂ ਵਲੋਂ ਕਿਉਂ ਨਾ ਹੋਵੇ।

ਪਿਛਲੇ ਦਿਨੀਂ ਮੈਂ ਪ੍ਰੋ.ਜੇ.ਆਰ.ਪੁਰੀ ਰਚਿਤ "ਗੁਰੂ ਨਾਨਕ ਦਾ ਰੂਹਾਨੀ ਉਪਦੇਸ਼" ਨਾਂ ਦੀ ਜੋ ਪੁਸਤਕ ਪੜ੍ਹੀ ਸੀ, ਉਸ ਵਿਚ ਵਿਦਵਾਨ ਲੇਖਕ ਨੇ ਗੁਰੂ ਨਾਨਕ ਸਾਹਿਬ ਦੇ ਗੁਰੂ ਸੰਬੰਧੀ ਵਾਦ ਵਿਵਾਦ ਵਿਚ ਪੈ ਕੇ ਅਤੇ ਗੁਰਬਾਣੀ ਦੀ ਮਨਮੁਖੀ ਵਿਆਖਿਆ ਕਰ ਕੇ ਸਰੀਰਕ ਗੁਰੂ ਨੂੰ ਅਹਿਮੀਅਤ ਪ੍ਰਦਾਨ ਕਰ ਕੇ ਝੂਠ ਤੇ ਕੁਫ਼ਰ ਤੋਲਿਆ ਹੈ। ਅਸੀਂ ਗੁਰੂ ਨਾਨਕ ਦੇ ਪੈਰੋਕਾਰ ਹਾਂ, ਇਸ ਲਈ ਸਾਡਾ ਫਰਜ਼ ਬਣ ਜਾਂਦਾ ਹੈ ਕਿ ਅਜਿਹੇ ਮਨਮੁਖ ਵਿਦਵਾਨ ਨੂੰ ਗੁਰਬਾਣੀ ਦੇ ਚਾਨਣ ਰਾਹੀਂ ਸਮਝਾਈਏ ਕਿ ਗੁਰੂ ਨਾਨਕ ਦੇਵ ਜੀ ਦਾ ਗੁਰੂ ਕੋਈ ਸਰੀਰਕ ਗੁਰੂ ਨਹੀਂ ਸੀ। ਉਨ੍ਹਾਂ ਦਾ ਗੁਰੂ ਸ਼ਬਦ ਅਥਵਾ ਪਰਮਾਤਮਾ ਸੀ। ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਅਜਿਹੇ ਪਖੰਡੀ ਅਤੇ ਕੁਫ਼ਰ ਤੋਲਣ ਵਾਲੇ ਲੋਕਾਂ ਸੰਬੰਧੀ ਫਰਮਾਉਂਦੇ ਹਨ ਕਿ ਜਿਨ੍ਹਾਂ ਦੀ ਮਾਨਸਿਕਤਾ ਝੂਠ ਨਾਲ ਜੁੜੀ ਹੋਵੇ, ਉਹ ਸੱਚ ਨੂੰ ਜਾਣਦੇ ਅਤੇ ਦੇਖਦੇ ਹੋਏ ਵੀ ਸੱਚ ਤੇ ਤਰਕ ਨੂੰ ਸਵੀਕਾਰ ਨਹੀਂ ਕਰਦੇ। ਅਜਿਹੇ ਲੋਕ ਸਿਰਫ਼ ਝੂਠ ਦੀ ਗਲਤਾਨ ਵਿਚ ਹੀ ਗਸੇ ਨਹੀਂ ਹੁੰਦੇ, ਸਗੋਂ ਅਗਿਆਨਤਾ ਦੇ ਹਨੇਰੇ ਵਿਚ ਵੀ ਭਟਕ ਰਹੇ ਹੁੰਦੇ ਹਨ :

ਜਿਨਾ ਅੰਦਰਿ ਕੂੜੁ ਵਰਤੈ ਸਚੁ ਨ ਭਾਵਈ॥
ਜੇ ਕੋ ਬੋਲੈ ਸਚੁ ਕੂੜਾ ਜਲਿ ਜਾਵਈ॥
ਕੂੜਿਆਰੀ ਰਜੈ ਕੂੜਿ ਜਿਉ ਵਿਸਟਾ ਕਾਗੁ ਖਾਵਈ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 646)

ਹੁਣ ਸੁਆਲ ਇਹ ਪੈਦਾ ਹੁੰਦਾ ਹੈ ਕਿ ਪ੍ਰੋ. ਜਨਕ ਰਾਜਪੁਰੀ ਵਲੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰੂ ਸੰਬੰਧੀ ਵਾਦ ਵਿਵਾਦ ਖੜਾ ਕਰਨ ਦਾ ਮਨੋਰਥ ਕੀ ਹੈ? ਜੇਕਰ ਪ੍ਰੋ. ਜਨਕ ਰਾਜਪੁਰੀ ਦੀ ਪੁਸਤਕ ਨੂੰ ਦੀਰਘ ਦ੍ਰਿਸ਼ਟੀ ਤੋਂ ਘੋਖਿਆ ਜਾਵੇ ਤਾਂ ਉਸ ਦਾ ਮਨੋਰਥ ਇਕ ਦਮ ਸਾਹਮਣੇ ਆ ਜਾਂਦਾ ਹੈ ਕਿ ਉਹ ਸਿੱਖ ਮਾਨਸਿਕਤਾ ਨੂੰ ਸ਼ਬਦ ਗੁਰੂ ਸਿਧਾਂਤ ਨਾਲੋਂ ਤੋੜ ਕੇ ਦੇਹ ਪੂਜਾ ਵਲ ਪ੍ਰੇਰਣਾ ਚਾਹੁੰਦਾ ਹੈ ਅਤੇ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਧੁੰਦਲਾ ਕਰਨ ਵਲ ਵੀ ਰੁਚਿਤ ਹੈ। ਲੇਖਕ ਨੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰੂ ਸੰਬੰਧੀ ਤਿੰਨ ਨਾਵਾਂ ਦਾ ਉਲੇਖ ਕੀਤਾ ਹੈ, ਜਿਨ੍ਹਾਂ ਵਿਚ ਸੱਯਦ ਹਸਨ ਅਤੇ ਮੁਰਾਦ ਨਾਂ ਦੇ ਦੋ ਮੁਸਲਮਾਨ ਸਨ ਅਤੇ ਤੀਸਰੇ ਭਗਤ ਕਬੀਰ ਜੀ। ਉਹ ਗੁਲਾਮ ਹੁਸੈਨ ਰਚਿਤ ''ਸੀਅਰੁਲ ਮੁਤਾਖ ਰੀਨ (ਫ਼ਾਰਸੀ ਗ੍ਰੰਥ) ਦੇ ਹਵਾਲੇ ਨਾਲ ਸੱਯਦ ਹਸਨ ਬਾਰੇ ਗੁਰੂ ਨਾਨਕ ਸਾਹਿਬ ਦੇ ਗੁਰੂ ਹੋਣ ਦਾ ਸ਼ੱਕ ਪੈਦਾ ਕਰਦਾ ਹੈ। ਪਰ ਡਾ. ਗੰਡਾ ਸਿੰਘ ਦੀ ਪੰਜਾਬ ਪਾਸਟ ਐਂਡ ਪਰੈਜੈਨਟ ਵਾਲੀਅਮ 3, ਪੰਨਾ 19 ਵਿਚ ਗੁਲਾਮ ਹੁਸੈਨ ਦੇ ਇਸ ਖ਼ਿਆਲ ਨੂੰ ਪਹਿਲਾਂ ਹੀ ਰੱਦ ਕਰ ਚੁੱਕਿਆ ਹੈ।

ਇਸ ਤੋਂ ਬਾਅਦ ਪ੍ਰੋ. ਜੇ.ਆਰ.ਪੁਰੀ, ਇੰਦੂ ਭੂਸ਼ਨ ਬੈਨਰਜ਼ੀ ਦਾ ਹਵਾਲਾ ਦੇ ਕੇ ਇਹ ਸ਼ੱਕ ਪੈਦਾ ਕਰਦਾ ਹੈ ਕਿ ਗੁਰੂ ਨਾਨਕ ਸਾਹਿਬ ਦਾ ਗੁਰੂ ਮੁਰਾਦ ਸੀ। ਜੇ.ਆਰ. ਪੁਰੀ ਇਸ ਤੋਂ ਬਾਅਦ ਪ੍ਰਿੰਸੀਪਲ ਜੋਧ ਸਿੰਘ ਅਤੇ ਡਾ.ਗੰਡਾ ਸਿੰਘ ਆਦਿ ਦਾ ਹਵਾਲਾ ਦੇ ਕੇ ਆਖਦਾ ਹੈ ਕਿ ਇਹ ਵਿਦਵਾਨ ਪ੍ਰਵਾਨ ਨਹੀਂ ਕਰਦੇ ਕਿ ਗੁਰੂ ਨਾਨਕ ਦੇਵ ਜੀ ਦਾ ਕੋਈ ਸਰੀਰਕ ਗੁਰੂ ਸੀ।

ਪ੍ਰੋ. ਸਾਹਿਬ ਨੇ ਗੁਰੂ ਨਾਨਕ ਸਾਹਿਬ ਦੇ ਗੁਰੂ ਬਾਰੇ ਉਲੇਖ ਕਰਦਿਆਂ ਤੀਜਾ ਨਾਂ ਸ਼੍ਰੋਮਣੀ ਭਗਤ ਕਬੀਰ ਸਾਹਿਬ ਜੀ ਦਾ ਵੀ ਲਿਆ ਹੈ। ਇਸ ਸੰਬੰਧ ਵਿਚ ਉਸ ਨੇ ਜੀ.ਐਚ. ਵੈਸਟਾਕਾਟ, ਟੀ.ਐਸ.ਗਾਰਡਨ,ਜੀ.ਐਨ.ਫਰਕੂਅਰ ਆਦਿ ਦੇ ਹਵਾਲੇ ਦਿੱਤੇ ਹਨ।

ਇਤਿਹਾਸਕ ਤੱਥਾਂ ਅਨੁਸਾਰ ਤਾਂ ਭਗਤ ਕਬੀਰ ਜੀ 1494 ਈ: ਨੂੰ ਸੁਰਗਵਾਸ ਹੋ ਗਏ ਸਨ ਅਤੇ ਉਸ ਸਮੇਂ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਲੋਧੀ ਵਿਚ ਸਨ। ਇਸ ਸਮੇਂ ਗੁਰੂ ਨਾਨਕ ਸਾਹਿਬ ਜੀ ਨੇ ਉਦਾਸੀਆਂ ਦਾ ਸਿਲਸਿਲਾ ਅਜੇ ਸ਼ੁਰੂ ਨਹੀਂ ਸੀ ਕੀਤਾ ਅਤੇ ਨਾ ਹੀ ਉਹ ਇਸ ਸਮੇਂ ਦੌਰਾਨ ਕਦੇ ਪੰਜਾਬ ਤੋਂ ਬਾਹਰ ਗਏ ਸਨ। ਕਿਸੇ ਇਤਿਹਾਸਕਾਰ ਨੇ ਅੱਜ ਤੱਕ ਨਹੀਂ ਲਿਖਿਆ ਕਿ ਭਗਤ ਕਬੀਰ ਜੀ ਕਦੇ ਪੰਜਾਬ ਆਏ ਸਨ। ਇਸ ਤਰ੍ਹਾਂ ਇਹ ਸਿਧ ਨਹੀਂ ਕੀਤਾ ਜਾ ਸਕਦਾ ਕਿ ਭਗਤ ਕਬੀਰ ਜੀ ਦਾ ਕਦੇ ਗੁਰੂ ਨਾਨਕ ਸਾਹਿਬ ਜੀ ਨਾਲ ਮੇਲ ਹੋਇਆ ਸੀ। ਸਪੱਸ਼ਟ ਹੈ ਕਿ ਭਗਤ ਕਬੀਰ ਜੀ ਗੁਰੂ ਨਾਨਕ ਸਾਹਿਬ ਦੇ ਗੁਰੂ ਨਹੀਂ ਸਨ।

ਸਿੱਖ ਇਤਿਹਾਸ ਦੇ ਸੋਮਿਆਂ ਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਭਗਤ ਕਬੀਰ ਸਾਹਿਬ ਜੀ ਜਾਂ ਕੋਈ ਹੋਰ ਗੁਰੂ ਨਾਨਕ ਦੇਵ ਜੀ ਦਾ ਗੁਰੂ ਨਹੀਂ ਸੀ ਅਤੇ ਨਾ ਹੀ ਇਨ੍ਹਾਂ ਵਿਚੋਂ ਕਿਸੇ ਨੇ ਗੁਰੂ ਨਾਨਕ ਦੇਵ ਜੀ ਨੂੰ ਗੁਰਗੱਦੀ ਸੌਂਪੀ ਸੀ। ਸਿੱਖ ਗੁਰੂ ਪਰੰਪਰਾ ਤਾਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੁੰਦੀ ਹੈ। ਗੁਰੂ ਪਰੰਪਰਾ ਸੰਬੰਧੀ ਜ਼ਿਕਰ ਕਰਦਿਆਂ ਭਾਈ ਗੁਰਦਾਸ, ਸੱਤਾ-ਬਲਵੰਡ ਜਾਂ ਕਿਸੇ ਵੀ ਭੱਟ ਨੇ ਇਹ ਗਵਾਹੀ ਨਹੀਂ ਦਿੱਤੀ ਕਿ ਗੁਰੂ ਨਾਨਕ ਦੇਵ ਜੀ

ਨੂੰ ਗੁਰੂ ਜੋਤਿ ਦੀ ਅਥਾਰਟੀ ਭਗਤ ਕਬੀਰ ਜੀ ਜਾਂ ਕਿਸੇ ਹੋਰ ਤੋਂ ਪ੍ਰਾਪਤ ਹੋਈ ਸੀ। ਭਾਈ ਗੁਰਦਾਸ ਜੀ ਅਤੇ ਭੱਟਾਂ ਦੀਆਂ ਰਚਨਾਵਾਂ ਵਿਚ ਗੁਰੂ ਸਾਹਿਬਾਨਾਂ ਦੀ ਬੇਅੰਤ ਮਹਿਮਾ ਦਾ ਜ਼ਿਕਰ ਤਾਂ ਮਿਲਦਾ ਹੈ, ਪਰ ਭਗਤ ਕਬੀਰ ਜੀ, ਸੱਯਦ ਹਸਨ ਜਾਂ ਮੁਰਾਦ ਦੀ ਉਸਤਤ ਦਾ ਜ਼ਿਕਰ ਨਹੀਂ ਮਿਲਦਾ। ਜੇਕਰ ਭਗਤ ਕਬੀਰ ਜੀ, ਹਸਨ ਜਾਂ ਮੁਰਾਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰੂ ਹੁੰਦੇ ਤਾਂ ਉਹ ਸਾਫ ਲਿਖਦੇ ਕਿ ਮੇਰੇ ਗੁਰੂ ਭਗਤ ਕਬੀਰ ਜੀ, ਸੱਯਦ ਹਸਨ ਜਾਂ ਮੁਰਾਦ ਹਨ। ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਭਗਤ ਕਬੀਰ ਜੀ ਦੀ ਬਾਣੀ, ਗੁਰੂ ਨਾਨਕ ਸਾਹਿਬ ਅਤੇ ਹੋਰ ਗੁਰੂਆਂ ਤੋਂ ਬਾਅਦ ਆਉਂਦੀ ਹੈ। ਜੇਕਰ ਭਗਤ ਕਬੀਰ ਜੀ ਗੁਰੂ ਨਾਨਕ ਸਾਹਿਬ ਦੇ ਗੁਰੂ ਹੁੰਦੇ ਤਾਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤ ਕਬੀਰ ਦੀ ਬਾਣੀ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਆਉਣੀ ਸੀ।

ਹੁਣ ਸੁਆਲ ਇਹ ਹੈ ਕਿ ਜੇਕਰ ਭਗਤ ਕਬੀਰ, ਹਸਨ ਜਾਂ ਮੁਰਾਦ ਗੁਰੂ ਨਾਨਕ ਦੇਵ ਜੀ ਦੇ ਗੁਰੂ ਨਹੀਂ ਸਨ ਤਾਂ ਗੁਰੂ ਨਾਨਕ ਦੇਵ ਜੀ ਦਾ ਗੁਰੂ ਕੌਣ ਸੀ? ਇਹ ਸੁਆਲ ਸਿੱਖ ਜਗਤ ਲਈ ਚੈਲਿੰਜ ਹੈ। ਜੇਕਰ ਅਸੀਂ ਇਸ ਦਾ ਉਤਰ ਨਾ ਦੇ ਸਕੇ ਤਾਂ ਸਾਨੂੰ ਸਿੱਖ ਅਖਵਾਉਣ ਦਾ ਕੋਈ ਹੱਕ ਨਹੀਂ। ਸ਼ਰਾਰਤੀ ਅਤੇ ਸਵਾਰਥੀ ਲੋਕ ਹਮੇਸ਼ਾਂ ਚੜ੍ਹਦੀ ਕਲਾ ਵਾਲੇ ਸਿੱਖ ਧਰਮ ਨੂੰ ਢਾਹ ਲਾਉਣ ਦੀਆਂ ਸਾਜਿਸ਼ਾਂ ਬੁਣਦੇ ਰਹਿੰਦੇ ਹਨ। ਇਨ੍ਹਾਂ ਦੀਆਂ ਸਾਜਿਸ਼ਾਂ ਦੇ ਜਾਲ ਨੂੰ ਤਾਂ ਹੀ ਤੋੜਿਆ ਜਾ ਸਕਦਾ ਹੈ, ਜੇਕਰ ਅਸੀਂ ਆਪਣੀ ਸੋਚ ਨੂੰ ਤੀਖਣ ਕਰੀਏ, ਗੁਰੂ ਨਾਲ ਜੋੜੀਏ ਅਤੇ ਗੁਰਬਾਣੀ ਦਾ ਆਸਰਾ ਲਈਏ। ਗੁਰਬਾਣੀ ਦੇ ਆਸਰੇ ਤੋਂ ਬਿਨਾਂ ਨਾ ਸਾਡੀ ਕੋਈ ਹੋਂਦ ਹੈ ਅਤੇ ਨਾ ਹੀ ਸਾਡੇ ਕੋਲ ਕੋਈ ਮਾਰਗ ਹੈ। ਗੁਰਬਾਣੀ ਹੀ ਸਾਡੇ ਲਈ ਚਾਨਣ ਮੁਨਾਰਾ ਹੈ, ਜਿਸ ਦੇ ਨਾਲ ਅਸੀਂ ਆਪਣੇ ਧਰਮ ਨੂੰ ਵਿਸ਼ਵ ਪੱਧਰ ਤੱਕ ਚਮਕਾ ਸਕਦੇ ਹਾਂ ਤੇ ਹਰਮਨ ਪਿਆਰਾ ਬਣਾ ਸਕਦੇ ਹਾਂ। ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਗੁਰਬਾਣੀ ਨੂੰ ਮਨੁੱਖ ਅਥਵਾ ਸੰਸਾਰ ਲਈ ਚਾਨਣ ਮੁਨਾਰਾ ਆਖਦੇ ਹਨ;

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 67)

ਗੁਰਬਾਣੀ ਤੋਂ ਭਾਵ ਗੁਰੂ ਦਾ ਸੰਪਰਕ ਹੈ, ਗੁਰੂ ਦਾ ਆਸਰਾ ਹੈ, ਜਿਸ ਨੂੰ ਪ੍ਰਾਪਤ ਕਰਨ ਵਾਲਾ ਜੀਵ ਪਰਮਾਤਮਾ ਦੀ ਨੇੜਤਾ ਦਾ ਲਾਹਾ ਖੱਟਦਾ ਹੈ;

ਮੈਂ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ।
ਮੈਂ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 759)

ਸਾਨੂੰ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਮ ਸ਼ਬਦਾਂ ਨੂੰ ਜ਼ਰੂਰ ਯਾਦ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਸਿੱਖੀ ਮਾਰਗ ਤੋਂ ਭਟਕ ਨਾ ਜਾਈਏ। ਭਾਈ ਮਨੀ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਅੰਤਮ ਸਮੇਂ ਕਹੇ ਸ਼ਬਦਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ;

"ਤੁਸੀਂ ਸ਼ਬਦ ਤੇ ਗੁਰੂ ਨੂੰ ਇਕੋ ਰੂਪ ਜਾਣਨਾ——ਸਤਿਗੁਰੂ ਤੇ ਪਰਮੇਸ਼ਵਰ ਵਿਚ ਭੇਦ ਨਹੀਂ ਜਾਣਨਾ, ਸਰੀਰ ਮੇਰਾ ਸਰਗੁਣ ਹੈ ਤੇ ਸ਼ਬਦ ਮੇਰਾ ਰਿਦਾ ਹੈ। ਨਿਰਗੁਣ ਰੂਪ ਹੈ ਜੇ ਸਰੀਰ ਨਾਲ ਮਿਲੋਗੇ ਤਾਂ ਫਿਰ ਵੀ ਵਿਛੜੋਗੇ। ਜੇ ਸ਼ਬਦ ਨਾਲ ਮਿਲੋਗੇ ਤਾਂ ਵਿਛੜੋਗੇ ਨਹੀਂ।

(ਭਾਈ ਮਨੀ ਸਿੰਘ, ਸਿੱਖਾਂ ਦੀ ਭਗਤਮਾਲਾ, ਪੰਨੇ 31-32)

ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਸ਼ਬਦਾਂ ਵਿਚ ਸਿੱਖਾਂ ਦੀ ਮੁਕਤੀ ਦਾ ਮਾਰਗ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਿਸ਼ਠਾ ਪ੍ਰਗਟਾਉਣਾ ਤੇ ਗੁਰਮਤਿ ਸਿਧਾਂਤਾਂ ਤੇ ਅਮਲ ਕਰਨਾ ਦਸਿਆ ਹੈ। ਜੇਕਰ ਅਸੀਂ ਗੁਰੂ ਸਾਹਿਬ ਦੇ ਬਚਨਾਂ ਨੂੰ ਮਨ ਵਿਚ ਬਿਠਾ ਲਈਏ ਤਾਂ ਅਸੀਂ ਗੁਰੂ ਘਰ ਦੇ ਵਿਰੋਧੀਆਂ ਦੀ ਹਰੇਕ ਗੱਲ ਦਾ ਜੁਆਬ ਦੇਣ ਦੇ ਸਮਰਥ ਹੋ ਜਾਵਾਂਗੇ।

ਸਾਡੀ ਲਈ ਇਹ ਘੋਖਣਾ ਜ਼ਰੂਰੀ ਹੈ ਕਿ ਗੁਰੂ ਨਾਨਕ ਸਾਹਿਬ ਜੀ ਦਾ ਗੁਰੂ ਕੌਣ ਸੀ? ਇਸ ਦਾ ਜੁਆਬ ਨਾ ਆਮ ਲੇਖਕਾਂ ਦੀਆਂ ਪੁਸਤਕਾਂ ਵਿਚੋਂ ਮਿਲ ਸਕਦਾ ਹੈ ਤੇ ਨਾ ਹੀ ਕੋਈ ਆਮ ਮਨੁੱਖ ਕਿਆਸ ਲਾ ਕੇ ਦੇ ਸਕਦਾ ਹੈ। ਇਸ ਦਾ ਜੁਆਬ ਤਾਂ ਸਾਡੇ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਦੇ ਸਕਦੇ ਹਨ।

ਗੁਰੂ ਨਾਨਕ ਦੇਵ ਜੀ ਦੇ ਗੁਰੂ ਸੰਬੰਧੀ ਸਿਧ ਗੋਸ਼ਟਿ ਵਿਚ ਜ਼ਿਕਰ ਮਿਲ ਜਾਂਦਾ ਹੈ। ਜਦੋਂ ਗੁਰੂ ਨਾਨਕ ਦੇਵ ਜੀ ਦੀ ਸਿੱਧ ਮੰਡਲੀ ਨਾਲ ਗੋਸ਼ਟੀ ਜਾਂ ਵਿਚਾਰ ਵਟਾਂਦਰਾ ਹੁੰਦਾ ਹੈ ਤਾਂ ਸਿੱਧ ਇਹ ਪ੍ਰਸ਼ਨ ਪੁਛਦੇ ਹਨ, "ਆਪ ਦਾ ਗੁਰੂ ਕਿਹੜਾ ਹੈ?" ਸਵਾਲ ਇਹ ਸੀ :-

ਕਵਣ ਮੂਲੁ ਕਵਣ ਮਤਿ ਵੇਲਾ ॥
ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 942)

ਸਤਿਗੁਰੂ ਨਾਨਕ ਦੇਵ ਜੀ ਇਸ ਪ੍ਰਸ਼ਨ ਦਾ ਉਤਰ ਬੜੀ ਗੰਭੀਰਤਾ ਅਤੇ ਦ੍ਰਿੜਤਾ ਨਾਲ ਦੇਂਦੇ ਹਨ :

ਪਵਨ ਅਰੰਭੁ ਸਤਿਗੁਰ ਮਤਿ ਵੇਲਾ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 943)

ਗੁਰੂ ਸਾਹਿਬ ਦਾ ਉਤਰ ਬਿਲਕੁਲ ਸਪੱਸ਼ਟ ਹੈ ਕਿ 'ਸ਼ਬਦ' ਮੇਰਾ ਗੁਰੂ ਹੈ ਅਤੇ ਮੇਰੀ 'ਸੁਰਤਿ' ਉਸ ਸ਼ਬਦ ਦੀ ਧੁਨੀ ਦਾ ਚੇਲਾ ਹੈ। ਰਾਧਾ ਸਵਾਮੀਆਂ ਦੇ ਧਾਰਮਿਕ ਆਗੂ ਬਾਬਾ ਸਾਵਨ ਸਿੰਘ, ਗੁਰਮਤਿ ਸਿਧਾਂਤ (ਭਾਗ ਪਹਿਲਾ), ਪੰਨਾ 699 ਵਿਚ ਗੁਰੂ ਨਾਨਕ ਸਾਹਿਬ ਜੀ ਦੇ ਗੁਰੂ ਬਾਰੇ ਆਖਦੇ ਹਨ ਕਿ ਉਨ੍ਹਾਂ ਦਾ ਕੋਈ ਦੇਹਧਾਰੀ ਗੁਰੂ ਨਹੀਂ ਸੀ। ਪਰ ਪਤਾ ਨਹੀਂ ਉਨ੍ਹਾਂ ਦਾ ਸ਼ਰਧਾਲੂ ਪ੍ਰੋ.ਪੁਰੀ ਗੁਰੂ ਨਾਨਕ ਦੇਵ ਜੀ ਦੇ ਗੁਰੂ ਸੰਬੰਧੀ ਸ਼ੰਕੇ ਕਿਉਂ ਪੈਦਾ ਕਰ ਰਿਹਾ ਹੈ ਅਤੇ ਇਸ ਪਿੱਛੇ ਉਸ ਦਾ ਕੀ ਮਨੋਰਥ ਹੈ। ਇਹ ਤਾਂ ਪ੍ਰੋ.ਪੁਰੀ ਆਪ ਹੀ ਦਸ ਸਕਦੇ ਹਨ ਜਾਂ ਉਹ ਦਸ ਸਕਦੇ ਹਨ, ਜਿਨ੍ਹਾਂ ਨੇ "ਗੁਰੂ ਨਾਨਕ ਦਾ ਰੂਹਾਨੀ ਉਪਦੇਸ਼" ਪੁਸਤਕ ਦੀ ਸਿਰਜਣਾ ਕਰਵਾਈ ਹੈ।

ਸਿੱਖ ਸੰਗਤਾਂ ਨੂੰ ਗੁਰੂ ਘਰ ਵਿਰੋਧੀ ਲੋਕਾਂ ਦੀਆਂ ਨੀਤੀਆਂ ਨੂੰ ਪਛਾਣਨਾ ਚਾਹੀਦਾ ਹੈ ਅਤੇ ਵੱਧ ਤੋਂ ਵੱਧ ਉਹ ਸਾਹਿਤ ਤੇ ਇਤਿਹਾਸ ਪੜ੍ਹਨਾ ਚਾਹੀਦਾ ਹੈ ਜੋ ਗੁਰਮਤਿ ਅਨੁਕੂਲ ਹੋਵੇ। ਗੁਰਮਿਤ ਸਿਧਾਂਤ ਪ੍ਰਚਾਰਕ ਸੰਤ ਸਮਾਜ ਵਲੋਂ ਇਸ ਛੋਟੇ ਜਿਹੇ ਕਿਤਾਬਚੇ ਛਪਾਉਣ ਦਾ ਮਨੋਰਥ ਗੁਰੂ ਘਰ ਵਿਰੋਧੀਆਂ ਦਾ ਪਰਦਾ ਫਾਸ਼ ਕਰਨਾ ਅਤੇ ਸਿੱਖ ਸੰਗਤ ਨੂੰ ਗੁਰ-ਸ਼ਬਦ ਨਾਲ ਜੋੜਨਾ ਹੈ। ਸੰਤ ਸਮਾਜ ਗੁਰ-ਸ਼ਬਦ ਦਾ ਉਪਾਸ਼ਕ ਹੀ ਨਹੀਂ, ਸਗੋਂ ਉਹ ਗੁਰ ਸ਼ਬਦ ਦੇ ਪ੍ਰਚਾਰ ਲਈ ਅਤੇ ਲੋਕ ਹਿਰਦੇ ਵਿਚ ਇਸ ਨੂੰ ਵਸਾਉਣ ਲਈ ਨਿਰੰਤਰ ਸੰਘਰਸ਼ ਕਰ ਰਿਹਾ ਹੈ।

## ਪ੍ਰੋ. ਪੁਰੀ ਵਲੋਂ ਸ਼ਬਦ ਗੁਰੂ ਦੀ ਵਿਰੋਧਤਾ :

ਪ੍ਰੋ. ਜੇ.ਆਰ.ਪੁਰੀ ਨੇ ਆਪਣੀ ਪੁਸਤਕ 'ਗੁਰੂ ਨਾਨਕ ਦਾ ਰੂਹਾਨੀ ਉਪਦੇਸ਼' ਵਿਚ ਸ਼ਬਦ ਗੁਰੂ ਦੀ ਵਿਰੋਧਤਾ ਕਰ ਕੇ ਦੇਹਧਾਰੀ ਗੁਰੂ ਦੀ ਉੱਚਤਾ ਤੇ ਬਲ ਦੇ ਕੇ ਗੁਰਬਾਣੀ ਦੀ ਮਨਮੁਖੀ ਵਿਆਖਿਆ ਕੀਤੀ ਹੈ। ਉਸ ਦਾ ਵਿਚਾਰ ਹੈ ਕਿ ਸ਼ਬਦ ਮਨੁੱਖ ਦੀ ਅਗਵਾਈ ਨਹੀਂ ਕਰ ਸਕਦਾ ਅਤੇ ਨਾ ਹੀ ਉਹ ਮਹਾਂਪੁਰਖ ਮਨੁੱਖ ਦੀ ਅਗਵਾਈ ਕਰ ਸਕਦੇ ਹਨ ਜੋ ਸੱਚਖੰਡ ਜਾ ਚੁੱਕੇ ਹਨ। ਕਿਉਂਕਿ ਉਨ੍ਹਾਂ ਦੀ ਅਗਵਾਈ ਲਈ ਮਨੁੱਖ ਨੂੰ ਆਪ ਸੱਚਖੰਡ ਵਿਚ ਜਾਣਾ ਪਵੇਗਾ। ਜੇਕਰ ਅਸੀਂ ਸੱਚਖੰਡ ਜਾਣ ਦੇ ਸਮਰਥ ਹੁੰਦੇ ਤਾਂ ਸਾਨੂੰ ਨਾ ਅੱਜ ਅਤੇ ਨਾ ਕਦੇ ਪਹਿਲੋਂ ਕਿਸੇ ਸਤਿਗੁਰੂ ਦੀ ਲੋੜ ਹੁੰਦੀ ਹੈ।

ਪ੍ਰੋ. ਸਾਹਿਬ ਦਾ ਇਸ ਕਥਨ ਪਿੱਛੇ ਅਪਰੋਖ ਰੂਪ ਵਿਚ ਮਨੋਰਥ ਇਹੀ ਹੈ ਕਿ ਸਿੱਖ ਸੱਚਖੰਡ ਵਿਚ ਜਾ ਚੁੱਕੇ ਗੁਰੂਆਂ ਦੇ ਉਪਦੇਸ਼ਾਂ ਅਤੇ ਬਾਣੀ ਨੂੰ ਭੁਲਾ ਦੇਣ, ਕਿਉਂਕਿ ਉਹ ਹੁਣ ਲੋਕਾਈ ਨੂੰ ਮੁਕਤੀ ਦਾ ਮਾਰਗ ਪ੍ਰਦਾਨ ਕਰਨ ਲਈ ਸਮਰਥ ਨਹੀਂ।

ਪ੍ਰੋ.ਪੁਰੀ ਸਤਿਗੁਰੂ ਦੇ ਲਫਜ਼ ਦਾ ਅਰਥ ਜਿੰਦਾ ਸਤਿਗੁਰੂ ਅਥਵਾ ਦੇਹਧਾਰੀ ਗੁਰੂ ਮੰਨਦਾ ਹੈ। ਉਹ ਦੇਹਧਾਰੀ ਗੁਰੂ ਦੀ ਲੋੜ ਬਾਰੇ ਵਿਸਥਾਰ ਪੂਰਵਕ ਚਰਚਾ ਕਰਦੇ ਹੋਏ ਆਖਦਾ ਹੈ ਕਿ ਮਨੁੱਖ ਉਸ ਗੁਰੂ ਕੋਲੋਂ ਹੀ ਲਾਭ ਉਠਾ ਸਕਦਾ ਹੈ ਜੋ ਜਿਉਂਦਾ ਹੋਵੇ।

ਇਸ ਵਿਚਾਰ ਤੋਂ ਇਹੀ ਅਰਥ ਨਿਕਲਦਾ ਹੈ ਕਿ ਸਿੱਖ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਮੰਨਣ ਤੋਂ ਇਨਕਾਰ ਕਰ ਦੇਣ। ਪ੍ਰੋ. ਸਾਹਿਬ ਜੇਕਰ ਦੇਹਧਾਰੀ ਗੁਰੂ ਦੀ ਉੱਚਤਾ ਬਾਰੇ ਗੁਰਬਾਣੀ ਦੇ ਹਵਾਲਿਆਂ ਤੋਂ ਬਿਨ੍ਹਾਂ ਵਿਆਖਿਆ ਕਰਦੇ ਤਾਂ ਸਿੱਖ ਜਗਤ ਨੂੰ ਇਹ ਗੱਲ ਚੁਭਣੀ ਨਹੀਂ ਸੀ। ਪਰ ਉਨ੍ਹਾਂ ਨੇ ਆਪਣੇ ਝੂਠ ਨੂੰ ਸੱਚ ਬਨਾਉਣ ਲਈ ਗੁਰਬਾਣੀ ਦਾ ਸਹਾਰਾ ਲਿਆ ਹੈ ਜੋ ਮਨਮੁਖਤਾ ਦੀ ਨਿਸ਼ਾਨੀ ਹੈ।

ਸਿੱਖ ਜਗਤ ਲਈ ਗੁਰਬਾਣੀ ਤੋਂ ਬਿਨਾਂ ਕੋਈ ਵਸਤ ਜਾਂ ਵਿਚਾਰ ਸੱਚ ਨਹੀਂ ਹਨ। ਗੁਰਬਾਣੀ ਦਾ ਝੂਠ ਅਤੇ ਮਿਥਿਆ ਨਾਲ ਸਖਤ ਵਿਰੋਧ ਹੈ। ਜੋ ਮਨੁੱਖ ਗੁਰਬਾਣੀ ਨੂੰ ਝੂਠ ਅਤੇ ਮਿਥਿਆ ਮੰਨਦਾ ਹੈ, ਉਹ ਆਪ ਆਧਾਰਹੀਣ ਖੋਟਾ ਅਤੇ ਮਨਮੁਖ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਅਜਿਹੇ ਮਨਮੁਖਾਂ ਬਾਰੇ ਫਰਮਾਉਂਦੇ ਹਨ ਕਿ ਅਜਿਹੇ ਲੋਕਾਂ ਵਿਚ ਸ਼ੈਤਾਨ ਨਿਵਾਸ ਕਰਦਾ ਹੈ, ਇਸ ਲਈ ਉਨ੍ਹਾਂ ਨੂੰ ਸੁਧਾਰਨ ਦਾ ਵਿਚਾਰ ਖੋਤੇ ਨੂੰ ਚੰਦਨ ਦੇ ਲੇਪ ਕਰਨ ਵਾਂਗ ਹੈ। ਜਿਵੇਂ ਖੋਤਾ ਚੰਦਨ ਮਲ ਕੇ ਵੀ ਧੂੜ ਵਿਚ ਲੇਟਣਾ ਨਹੀਂ ਛੱਡਦਾ, ਉਵੇਂ ਹੀ ਅਜਿਹੇ ਮਨਮੁਖ ਆਪਣੀ ਮਨਮੁਖਤਾ ਤੋਂ ਬਾਜ਼ ਨਹੀਂ ਆਉਂਦੇ ;

ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ।
ਗਦਹੁ ਚੰਦਨਿ ਪਉਲੀਐ ਭੀ ਸਾਹੂ ਸਿਉ ਪਾਣੁ।

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 190)

ਗੁਰਬਾਣੀ ਤਾਂ ਸਿੱਖ ਜਗਤ ਲਈ ਚਾਨਣ ਦਾ ਮੁਨਾਰਾ ਹੈ ਅਤੇ ਇਸ ਨੂੰ ਪੜ੍ਹਨਾ ਅਤੇ ਇਸ ਤੇ ਅਮਲ ਕਰਨਾ ਹਰੇਕ ਸੱਚੇ ਸਿੱਖ ਦਾ ਫਰਜ਼ ਹੈ। ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਫਰਮਾਉਂਦੇ ਹਨ ;

ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ॥ ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ।

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 754)

ਗੁਰੂ ਸਾਹਿਬ ਅੱਗੋਂ ਫਰਮਾਉਂਦੇ ਹਨ, ਜਿਹੜਾ ਮਨੁੱਖ ਗੁਰਬਾਣੀ ਨੂੰ ਹਿਰਦੇ ਵਿਚ ਧਾਰਨ ਕਰਦਾ ਹੈ, ਉਸ ਦੇ ਅੰਦਰ ਆਪ ਪਰਮਾਤਮਾ ਨਿਵਾਸ ਕਰਦਾ ਹੈ. ਗੁਰੂ ਦੀਆਂ ਸਿੱਖਿਆਵਾਂ ਪ੍ਰਾਪਤ ਕਰਕੇ ਉਹ ਆਪ ਪ੍ਰਭੂ ਵਿਚ ਹੀ ਲੀਨ ਹੋ ਜਾਂਦਾ ਹੈ;

ਸਤਿਗੁਰੂ ਕੀ ਜਿਸਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ।
ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ।

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 797)

ਇਸ ਸ਼ਬਦ ਤੋਂ ਇਹ ਅਰਥ ਨਿਕਲਦਾ ਹੈ ਕਿ ਗੁਰਬਾਣੀ ਦੇ ਨਾਲ ਜੁੜ ਕੇ ਮਨੁੱਖ ਪਰਮਾਤਮਾ ਨੂੰ ਪ੍ਰਾਪਤ ਕਰ ਸਕਦਾ ਹੈ। ਜੇਕਰ ਗੁਰਬਾਣੀ ਮਨੁੱਖ ਨੂੰ ਪਰਮਾਤਮਾ ਤੱਕ ਪਹੁੰਚਾ ਸਕਦੀ ਹੈ, ਫਿਰ ਦੇਹਧਾਰੀ ਗੁਰੂ ਦੀ ਲੋੜ ਹੀ ਨਹੀਂ ਰਹਿ ਜਾਂਦੀ, ਕਿਉਂਕਿ ਗੁਰਬਾਣੀ ਜੁ ਗੁਰੂ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਿੰਤਨ ਵਿਚ ਗੁਰਬਾਣੀ ਨੂੰ ਬ੍ਰਹਮ ਅਤੇ ਗੁਰੂ ਦੀਆਂ ਉੱਚੀਆਂ ਪਦਵੀਆਂ ਦਿੱਤੀਆਂ ਗਈਆਂ ਹਨ :

ਗੁਰਮੁਖਿ ਬਾਣੀ ਬ੍ਰਹਮੁ ਹੈ ਸਬਦਿ ਮਿਲਾਵਾ ਹੋਇ ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 39)

ਗੁਰਬਾਣੀ ਵਿਚ ਦੇਹ ਅਥਵਾ ਸਰੀਰ ਨੂੰ ਕਦੀ ਵੀ ਗੁਰੂ ਵਜੋਂ ਸਵੀਕਾਰ ਨਹੀਂ ਕੀਤਾ ਗਿਆ। ਇਹ ਠੀਕ ਹੈ ਕਿ ਸਿੱਖ ਧਰਮ ਵਿਚ ਦਸੇ ਗੁਰੂ ਸਾਹਿਬਾਨ ਦੇਹਧਾਰੀ ਸਨ, ਪਰ ਉਨ੍ਹਾਂ ਦੀ ਗੁਰਤਾ ਦੀ ਆਧਾਰ ਸ਼ਿਲਾ ਸ਼ਬਦ ਸੀ, ਸਰੀਰ ਨਹੀਂ। ਗੁਰਬਾਣੀ ਵਿਚ ਕਈ ਥਾਵਾਂ ਤੇ ਸਰੀਰ ਦੀ ਤੁਛਤਾ ਪੇਸ਼ ਕੀਤੀ ਗਈ ਹੈ:

1) ਕਾਇਆ ਮਿਟੀ ਅੰਧੁ ਹੈ ਪਉਣੈ ਪੁਛਹੁ ਜਾਇ॥

(ਸਾਹਿਬ ਸ੍ਰੀ ਗੁਰੂ ਗ੍ਰੰਥ.ਸਾਹਿਬ ਜੀ, ਪੰਨਾ 511)

2) ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 154)

ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇ ਦੇਹ ਤੇ ਸ਼ਬਦ ਦੋਹਾਂ ਦੀ ਸਮਰਥਾ ਬਾਰੇ ਸਪੱਸ਼ਟ ਕੀਤਾ ਹੈ ਕਿ ਵਿਕਾਰਾਂ, ਜਨਮ ਮਰਨ ਤੋਂ ਜੀਵਾਂ ਦੀ ਮੁਕਤੀ ਕੇਵਲ ਸ਼ਬਦ ਦੀ ਕਮਾਈ ਦੁਆਰਾ ਹੀ ਹੋ ਸਕਦੀ ਹੈ :

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰ।
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 594)

ਗੁਰੂ ਗੋਬਿੰਦ ਸਿੰਘ ਜੀ ਨੇ 6 ਅਕਤੂਬਰ 1708 ਈ. ਨੂੰ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਪ੍ਰਦਾਨ ਕਰਕੇ ਸਿੱਖਾਂ ਨੂੰ ਸ਼ਬਦ ਗੁਰੂ ਦੇ ਲੜ ਲਾ ਦਿੱਤਾ। ਇਸ ਦਿਨ ਨੂੰ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਦਿਵਸ ਦੇ ਰੂਪ ਵਿਚ ਮਨਾਉਣ ਦੀ ਰਸਮ ਹੈ ਜੋ ਸ਼ਬਦ ਗੁਰੂ ਦੇ ਸਿਧਾਂਤ ਨੂੰ ਪੇਸ਼ ਕਰਦੀ ਹੈ। ਬੰਸਾਵਲੀ ਨਾਮਾ ਦਸ ਕਾ ਭਾਈ ਕੇਸਰ ਸਿੰਘ ਛਿੱਬਰ ਨੇ ਸੰਨ 1769-70 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਮ ਸਮੇਂ ਦਾ ਜ਼ਿਕਰ ਪੇਸ਼ ਕਰਦਿਆਂ ਲਿਖਿਆ ਹੈ:

ਗਰੀਬ ਨਿਵਾਜ ਸਿਖ ਸੰਗਤਿ, ਤੇਰੀ, ਇਸ ਦਾ ਕੀ ਹਵਾਲ ।
ਬਚਨ ਕੀਤਾ,ਗ੍ਰੰਥ ਹੈ ਗੁਰੂ, ਲੜ ਪਕੜੋ ਅਕਾਲ॥
ਸਨੋ ਵੇ ਭਾਈ ਸਿੱਖ ਐਸਾ ਸੰਤ ਬਾਬਾ ਨਾਨਕ ਪਛਾਨੋ।

ਦਸ ਮਹਲ ਬਾਬਾ ਨਾਨਕ ਜੀ ਜਾਨੋ।

ਭਾਈ ਨੰਦ ਲਾਲ ਜੀ ਨੇ ਆਪਣੇ ਸ਼ਬਦਾਂ ਵਿਚ ਗੁਰੂ ਜੀ ਦੇ ਆਦੇਸ਼ ਨੂੰ ਇਉਂ ਕਲਮਬੰਦ ਕੀਤਾ ਹੈ:

ਮੇਰਾ ਦੂਸਰਾ ਰੂਪ ਗਰੰਥ ਜੀ ਜਾਣ। ਉਨਕੋ ਅੰਗ ਮੇਰਾ ਕਰ ਮਾਨ।
ਮੇਰਾ ਰੂਪ ਗ੍ਰੰਥ ਜੀ ਜਾਣ। ਇਸ ਮੇਂ ਭੇਦ ਨਹੀਂ ਕਛੁ ਮਾਨ।

ਇਸ ਤਰ੍ਹਾਂ ਸਿੱਖ ਧਰਮ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਸ਼ਬਦ ਹੀ ਉੱਚਤਮ ਸਤਿ ਦੇ ਗਿਆਨ ਦੀ ਪ੍ਰਾਪਤੀ ਦਾ ਸਾਧਨ ਹਨ। ਗਿਆਨ ਦੀ ਪ੍ਰਾਪਤੀ ਤਦ ਹੀ ਹੋ ਸਕਦੀ ਹੈ, ਜੇਕਰ ਗੁਰੂ ਦੇ ਸ਼ਬਦ ਉੱਤੇ ਧਿਆਨ ਨਾਲ ਲਗਨ ਨਾਲ, ਅਤੇ ਦ੍ਰਿੜ ਇਰਾਦੇ ਨਾਲ ਵਿਚਾਰ ਕੀਤਾ ਜਾਵੇ। ਸਿੱਖ ਪ੍ਰਭੂ ਪ੍ਰਾਪਤੀ ਤਦ ਹੀ ਕਰ ਸਕਦਾ ਹੈ, ਜੇਕਰ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਸ਼ਠਾ ਰੱਖੇ, ਇਸ ਤੋਂ ਬਿਨ੍ਹਾਂ ਕੋਈ ਵੀ ਮੁਕਤੀ ਪ੍ਰਦਾਨ ਨਹੀਂ ਕਰ ਸਕਦਾ। ਸ਼ਬਦ ਗੁਰੂ ਨਾਲ ਉਹੀ ਜੁੜ ਸਕਦਾ ਹੈ ਜੋ ਮਨਮੁਖਤਾ ਦਾ ਤਿਆਗ ਕਰਕੇ, ਗੁਰੂ ਗ੍ਰੰਥ ਸਾਹਿਬ ਜੀ ਵਿਚ ਨਿਸ਼ਠਾ ਰੱਖੇ। ਇਹ ਸਫਰ ਮਾਨਸ ਤੋਂ ਦੇਵਤਾ ਦੇ ਬਣਨ ਤੱਕ ਦਾ ਸਫਰ ਹੈ। ਇੱਥੇ ਮੈਂ ਮਹਾਤਮਾ ਬੁੱਧ ਸੰਬੰਧੀ ਇਕ ਕਥਾ ਦਾ ਵਰਣਨ ਕਰਨਾ ਯੋਗ ਸਮਝਦਾ ਹਾਂ, ਇਕ ਵਾਰ ਮਹਾਤਮਾ ਬੁੱਧ ਜੀ ਦੇ ਪ੍ਰਮੁਖ ਚੇਲੇ ਆਨੰਦ ਨੇ ਮੁਰਸ਼ਿਦ ਦੇ ਅੰਤਮ ਸਮੇਂ ਵਿਚ ਅਥਰੂ ਭਰ ਕੇ ਪੁੱਛਿਆ, ''ਮਹਾਰਾਜ ਤੁਹਾਡੇ ਸ਼ਰੀਰ ਦੇ ਸਮਾਪਤ ਹੋ ਜਾਣ ਤੋਂ ਬਾਅਦ ਸਾਡੀ ਅਗਵਾਈ ਕੌਣ ਕਰੇਗਾ?'' ਤਾਂ ਬੁੱਧ ਜੀ ਨੇ ਬੜੀ ਸਹਿਜਤਾ ਨਾਲ ਫਰਮਾਇਆ, ''ਆਨੰਦ ਤੂੰ ਇੰਨੇ ਸਮੇਂ ਤੋਂ ਮੇਰੀ ਸੰਗਤ ਕਰ ਰਿਹਾ ਹੈ, ਤੂੰ ਤਾਂ ਇੰਨ੍ਹਾਂ ਹੀ ਨਹੀਂ ਸਮਝ ਸਕਿਆ ਕਿ ਮੇਰੀ ਦੇਹੀ ਬੁੱਧ ਨਹੀਂ। ਮੇਰਾ ਉਪਦੇਸ਼ ਮੇਰਾ ਆਦਰਸ਼ ਤੇ ਧਰਮ ਹੀ ਬੁੱਧ ਹੈ''

ਸਪੱਸ਼ਟ ਹੈ ਕਿ ਸਿੱਖ ਗੁਰੂ ਸਰੀਰ ਨਹੀਂ ਸਨ, ਸਗੋਂ ਸ਼ਬਦ ਸਨ। ਸ਼ਬਦ ਤਾਂ ਸੱਚ ਹੁੰਦਾ ਹੈ,ਜੀਵਨ ਮਰਨ ਤੋਂ ਨਿਰਲੇਪ ਹੁੰਦਾ ਹੈ। ਸਰੀਰ ਮਨੁੱਖ ਦੀ ਗਤੀ ਨਹੀਂ ਕਰ ਸਕਦਾ, ਜਦ ਕਿ ਸ਼ਬਦ ਵਿਚ ਅਜਿਹੀ ਸਮਰਥਾ ਹੈ। ਜੋ ਮਨੁੱਖ ਦੇਹਧਾਰੀ ਗੁਰੂ ਨੂੰ ਉੱਚਤਾ ਪ੍ਰਦਾਨ ਕਰਦੇ ਹਨ, ਉਹ ਮਨਮੁਖ ਹਨ। ਗੁਰੂ ਨਾਨਕ ਸਾਹਿਬ ਜੀ ਅਜਿਹੇ ਕੁਰਾਹੇ ਪਾਉਣ ਵਾਲੇ ਗੁਰੂਆਂ ਦੀ ਸੰਗਤ ਤੋਂ ਸਾਵਧਾਨ ਕਰਦੇ ਹੋਏ ਆਖਦੇ ਹਨ :

ਕੇਤੇ ਗੁਰ ਚੇਲੇ ਫੁਨਿ ਹੂਆ ।
ਕਾਚੇ ਗੁਰ ਤੇ ਮੁਕਤਿ ਨ ਹੂਆ ।

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 932)

ਉਪਰੋਕਤ ਸਲੋਕ ਤੋਂ ਸਪੱਸ਼ਟ ਹੈ ਕਿ ਦੇਹਧਾਰੀ ਗੁਰੂ ਆਪ ਵੀ ਭਟਕਿਆ ਹੋਇਆ ਹੈ, ਉਹ ਆਪਣੇ ਚੇਲਿਆਂ ਨੂੰ ਮੁਕਤੀ ਦਾ ਮਾਰਗ ਕਿਵੇਂ ਪ੍ਰਦਾਨ ਕਰ ਸਕਦਾ ਹੈ। ਪ੍ਰੋ. ਜੇ.ਆਰ. ਪੁਰੀ ਵਲੋਂ ਗੁਰਬਾਣੀ ਨੂੰ ਆਧਾਰ ਬਣਾ ਕੇ ਗੁਰੂ ਡੰਮ ਅਥਵਾ ਦੇਹਧਾਰੀ ਗੁਰੂ ਨੂੰ ਮਾਨਤਾ ਦੇਣੀ ਤਰਕ ਸੰਗਤ ਨਹੀਂ, ਕਿਉਂਕਿ ਗੁਰਬਾਣੀ ਆਪ ਦੇਹਧਾਰੀ ਗੁਰੂ ਦਾ ਵਿਰੋਧ ਕਰ ਰਹੀ ਹੈ। ਸਿੱਖ ਧਰਮ ਵਿਚ ਗੁਰਬਾਣੀ ਨੂੰ ਗੁਰਤਾ ਦਾ ਦਰਜਾ ਮਿਲਿਆ ਹੋਇਆ ਹੈ, ਇਸ ਲਈ ਹੋਰ ਕਿਸੇ ਸਰੀਰ ਨੂੰ ਗੁਰੂ ਦਾ ਦਰਜਾ ਨਹੀਂ ਮਿਲ ਸਕਦਾ;

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ।
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ।

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 982)

# ਡਾ. ਅੰਬੇਡਕਰ ਦੇ ਸਿੱਖ ਨਾ ਬਣ ਸਕਣ ਦੀ ਗਾਥਾ

ਭਾਈ ਗੁਰਤੇਜ ਸਿੰਘ ਆਈ.ਏ.ਐੱਸ.

ਡਾ.ਅੰਬੇਡਕਰ ਦੇ ਅੱਠ ਕਰੋੜ ਦਲਿਤਾਂ ਸਮੇਤ ਧਰਮ-ਬਦਲੀ ਦੇ ਸੰਕਲਪ ਦੀ ਸ਼ੁਰੂਆਤ ਜ਼ਾਹਰਾ ਤੌਰ ਉੱਤੇ ਉਨ੍ਹਾਂ ਦੇ 'ਜਾਤਪਾਤ ਤੋੜਕ ਮੰਡਲ' ਲਾਹੌਰ ਦੇ ਮਾਰਚ 1936 ਦੇ ਪ੍ਰਧਾਨਗੀ ਭਾਸ਼ਨ ਲਿਖਣ ਤੋਂ ਹੋਈ ਮੰਨੀ ਜਾਣੀ ਚਾਹੀਦੀ ਹੈ। ਕੌੜੀ ਸਚਾਈ ਨਾਲ ਭਰਿਆ ਇਹ ਭਾਸ਼ਨ ਆਖਰ ਉੱਥੇ ਏਸੇ ਕਾਰਨ ਪੜ੍ਹਿਆ ਨਾ ਜਾ ਸਕਿਆ ਅਤੇ ਬਾਅਦ ਵਿਚ 'ਅਨਾਇਅਲੇਸ਼ਨ ਅੱਵ ਕਾਸਟ' (ਜਾਤ ਪਾਤ ਦਾ ਖ਼ਾਤਮਾ) ਦੇ ਨਾਂਅ ਹੇਠ ਕਿਤਾਬੀ ਰੂਪ ਵਿਚ ਛਪਿਆ। ਏਸ ਭਾਸ਼ਣ ਦਾ ਡੂੰਘਾ ਤਰਕ ਇਹ ਹੈ ਕਿ ਹਿੰਦੂਆਂ ਵਿਚ ਜਾਤਪਾਤ ਦੇ ਰੁਝਾਨ ਨੂੰ ਕੇਵਲ ਹਿੰਦੂ ਧਰਮ ਨੂੰ ਮੁਕੰਮਲ ਤਿਲਾਂਜਲੀ ਦੇ ਕੇ ਹੀ ਖ਼ਤਮ ਕੀਤਾ ਜਾ ਸਕਦਾ ਹੈ; ਕਿਉਂਕਿ ਹਿੰਦੂਆਂ ਦੀ ਨਸ ਨਸ ਵਿਚ ਸਮਾਏ ਵਰਣ-ਆਸ਼ਰਮ ਧਰਮ ਦਾ ਪੱਕਾ ਆਧਾਰ ਮੁੱਢਲੇ ਹਿੰਦੂ ਧਰਮ ਗ੍ਰੰਥ ਹਨ। ਵੇਦਾਂ, ਸ਼ਾਸਤਰਾਂ ਅਤੇ ਸਿਮਰਤੀਆਂ ਦਾ ਪ੍ਰਭਾਵ ਹਿੰਦੂ ਮਨਾਂ ਵਿਚੋਂ ਕੱਢੇ ਬਿਨਾਂ ਜਾਤਪਾਤ ਛੂਆਛਾਤ ਦਾ ਖ਼ਾਤਮਾ ਸੰਭਵ ਨਹੀਂ। ਇਨ੍ਹੀਂ ਦਿਨੀਂ ਆਮ ਪ੍ਰਚਲਿਤ ਵਿਚਾਰ, ਕਿ ਅੰਬੇਡਕਰ ਹਿੰਦੂ ਧਰਮ ਨੂੰ ਛੱਡਣਾ ਚਾਹੁੰਦੇ ਹਨ, ਦਾ ਕਾਫ਼ੀ ਪ੍ਰਚਾਰ ਹੋ ਗਿਆ। ਕਈ ਧਰਮਾਂ ਦੇ ਨੁਮਾਇੰਦੇ ਉਨ੍ਹਾਂ ਨੂੰ ਅਜਿਹੇ ਧਰਮਾਂ ਦੀ ਜਾਣਕਾਰੀ ਦੇਣ ਆਏ, ਜਿਨ੍ਹਾਂ ਵਿਚ ਸਦੀਆਂ ਤੋਂ ਲਤਾੜੇ ਲੋਕ ਬਰਾਬਰੀ ਦਾ ਦਰਜਾ ਹਾਸਲ ਕਰਕੇ ਸਨਮਾਨਜਨਕ ਜੀਵਨ ਜਿਉ ਸਕਦੇ ਸਨ।

ਬੰਬਈ ਦੀ ਛੋਟੀ ਜਿਹੀ ਸਿੱਖ ਬਰਾਦਰੀ ਵਲੋਂ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਗੁਰਦਿੱਤ ਸਿੰਘ ਸੇਠੀ ਨੇ ਅੰਬੇਡਕਰ ਨਾਲ ਸੰਪਰਕ ਕੀਤਾ ਅਤੇ ਸਿੱਖ ਬਣਨ ਦੀ ਦਾਅਵਤ ਦਿੱਤੀ। ਇਨ੍ਹਾਂ ਦੀ ਪ੍ਰੇਰਣਾ ਸਦਕਾ ਹੀ ਸ੍ਰੀ ਨਨਕਾਣਾ ਸਾਹਿਬ ਕਮੇਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਏਸ ਮੁਆਮਲੇ ਵਿਚ ਦਿਲਚਸਪੀ ਲੈਣੀ ਸ਼ੁਰੂ ਕੀਤੀ। ਜਾਇਜ਼ਾ ਲੈਣ ਵਾਸਤੇ ਨਨਕਾਣਾ ਸਾਹਿਬ ਵਾਲਿਆਂ ਨੇ ਇਕ ਵਫ਼ਦ ਨਰੈਣ ਸਿੰਘ ਦੀ ਪ੍ਰਧਾਨਗੀ ਹੇਠ ਭੇਜਿਆ। ਏਸ ਵਫ਼ਦ ਨੇ ਖ਼ਾਸ ਤੌਰ 'ਤੇ ਮੁਹਾਰ, ਵਾਂਗ, ਚਮਾਰ, ਜ਼ਾਤਾਂ ਨਾਲ ਸੰਪਰਕ ਕਰਨਾ ਸੀ। ਇਹ ਲੋਕ 11-12 ਜਨਵਰੀ 1936 ਨੂੰ ਪੂਨੇ ਵਿਚ ਹੋਈ ਅਛੂਤ ਕਾਨਫ਼ਰੰਸ ਵਿਚ ਵੀ ਸਿੱਖਾਂ ਵਲੋਂ ਸ਼ਾਮਿਲ ਹੋਏ। ਇਨ੍ਹਾਂ ਵਿਚ ਸ਼ਾਮਿਲ ਭਾਈ ਸਮੁੰਦ ਸਿੰਘ ਹੀ ਹਜ਼ੂਰੀ ਰਾਗੀ ਨੇ ਕੀਰਤਨ ਕਰ ਕੇ ਸਭ ਨੂੰ ਪ੍ਰਭਾਵਿਤ ਕੀਤਾ। ਇਨ੍ਹਾਂ ਤਕਰੀਰਾਂ ਕੀਤੀਆਂ, ਉੱਥੋਂ ਦੀ ਭਾਸ਼ਾ ਵਿਚ ਸੰਬੰਧਿਤ ਧਾਰਮਿਕ ਵਿਸ਼ਿਆਂ ਬਾਰੇ ਕਿਤਾਬਚੇ ਵੰਡੇ ਅਤੇ ਲੰਗਰ ਲਗਾਇਆ। ਅੰਬੇਡਕਰ ਸਮੇਤ ਸਾਰੇ ਲੋਕਾਂ ਨੇ ਬਹੁਤ ਅਸਰ ਕਬੂਲਿਆ। ਏਸੇ ਵਫ਼ਦ ਦੀ ਸਲਾਹ ਉੱਤੇ ਸ੍ਰੀ ਨਨਕਾਣਾ ਸਾਹਿਬ ਕਮੇਟੀ ਨੇ 25 ਜਨਵਰੀ 1936 ਈ: ਨੂੰ 'ਗੁਰੂ ਨਾਨਕ ਸਿੱਖ ਪ੍ਰਚਾਰ ਟਰੱਸਟ' ਕਾਇਮ ਕੀਤਾ, ਜਿਸ ਵਿਚ ਉਸ ਸਮੇਂ ਦੇ ਮੋਢੀ ਸਿੱਖਾਂ ਨੂੰ ਬਿਨਾਂ ਕਿਸੇ ਧੜੇਬੰਦੀ ਵਿਤਕਰੇ ਦੇ ਸ਼ਾਮਿਲ ਕੀਤਾ ਗਿਆ। ਬਾਅਦ ਵਿਚ ਦਲਿਤਾਂ ਵਿਚ ਪ੍ਰਚਾਰ ਕਰਨ ਦੇ ਕੰਮ ਨੂੰ ਅਹਿਮ ਜਾਣ ਕੇ ਸਰਬਸਾਂਝੀ ਸਿੱਖ ਕਾਨਫ਼ਰੰਸ ਸਰਦਾਰ ਬਹਾਦਰ ਮਤਾਬ ਸਿੰਘ ਦੀ ਪ੍ਰਧਾਨਗੀ ਹੇਠ ਬੁਲਾਈ ਗਈ, ਜਿਸ ਦੇ ਸਿੱਟੇ ਵਜੋਂ 13 ਅਪਰੈਲ 1936 ਨੂੰ ਮਾਸਟਰ ਤਾਰਾ

ਸਿੰਘ ਦੀ ਪ੍ਰਧਾਨਗੀ ਹੇਠ 'ਸਰਬ ਹਿੰਦ ਸਿੱਖ ਮਿਸ਼ਨ' ਨਾਂਅ ਦੀ ਜਥੇਬੰਦੀ ਕਾਇਮ ਕੀਤੀ ਗਈ। 'ਸ਼ਹੀਦ ਸਿੱਖ ਮਿਸ਼ਨਰੀ ਕਾਲਜ' ਏਸ ਮਿਸ਼ਨ ਨੂੰ ਸੌਂਪ ਦਿੱਤਾ। ਏਸੇ ਸਾਲ ਸ੍ਰੀ ਅੰਮ੍ਰਿਤਸਰ ਗੁਰਮਤਿ ਪ੍ਰਚਾਰ ਕਾਨਫ਼ਰੰਸ ਬੁਲਾਈ ਗਈ।

ਜਾਪਦਾ ਇਉਂ ਹੈ ਕਿ ਦਲਿਤਾਂ ਦੇ ਸਿੱਖ ਧਰਮ ਪ੍ਰਵੇਸ਼ ਦੀ ਸੰਭਾਵਨਾ ਨੂੰ ਲੈ ਕੇ ਸਿੱਖ ਕੌਮ ਨੇ ਸਮੇਂ ਦੇ ਆਗੂਆਂ ਸਮੇਤ ਇਨ੍ਹਾਂ ਨੂੰ ਜੀ ਆਇਆ ਆਖਣ ਲਈ ਚਾਵਾਂ ਨਾਲ ਦਿਨ ਰਾਤ ਇਕ ਕਰ ਦਿੱਤਾ।

ਗੁਰਮਤਿ ਪ੍ਰਚਾਰ ਕਾਨਫ਼ਰੰਸ ਵਿਚ ਦੂਰ ਦੂਰ ਦੇ ਦਲਿਤ ਆਗੂਆਂ ਸਮੇਤ ਅੰਬੇਡਕਰ ਵੀ ਸ਼ਾਮਿਲ ਹੋਏ। ਪ੍ਰਿੰਸੀਪਲ ਖ਼ਾਲਸਾ ਕਾਲਜ ਗੁਜਰਾਂਵਾਲਾ ਬਾਵਾ ਹਰਕਿਸ਼ਨ ਸਿੰਘ ਦੀ ਅੰਗਰੇਜ਼ੀ ਵਿਚ ਤਕਰੀਰ ਖ਼ਾਸ ਅਸਰਦਾਇਕ ਰਹੀ। ਸੰਗਤ ਅਤੇ ਪੰਗਤ ਨੇ ਵੀ ਬਹੁਤ ਅਸਰ ਪਾਇਆ। ਆਖਿਰ ਅੰਬੇਡਕਰ ਨੇ ਆਪਣੇ ਸਾਥੀਆਂ ਸਮੇਤ ਸਿੱਖ ਧਰਮ ਵਿਚ ਪ੍ਰਵੇਸ਼ ਕਰਨ ਦੇ ਇਰਾਦੇ ਨੂੰ ਸ਼ਰ੍ਹੇਆਮ ਜ਼ਾਹਰ ਕੀਤਾ; ਅਲਬੱਤਾ ਗ਼ੋਲਮੋਲ ਲਫ਼ਜ਼ਾਂ ਵਿਚ। ਉਹ ਮਹਾਰਾਸ਼ਟਰ ਤੋਂ ਪੰਦਰਾਂ ਦਲਿਤ ਨੌਜਵਾਨਾਂ ਨੂੰ ਪ੍ਰਚਾਰਕ ਬਨਾਉਣ ਦੇ ਇਰਾਦੇ ਨਾਲ ਲੈ ਕੇ ਆਏ ਸਨ। ਇਨ੍ਹਾਂ ਪੰਦਰਾਂ ਨੂੰ ਬਾਕੀ, ਅਸਾਮ, ਬੰਗਾਲ, ਬਿਹਾਰ, ਕੋਚੀਨ ਆਦਿ ਤੋਂ ਏਸੇ ਮਕਸਦ ਲਈ ਆਪਣੇ ਨੌਜਵਾਨਾਂ ਸਮੇਤ ਸਿਖਲਾਈ ਵਾਸਤੇ ਪਹਿਲਾਂ ਖ਼ਾਲਸਾ ਕਾਲਜ ਗੁਜਰਾਂਵਾਲਾ ਅਤੇ ਬਾਅਦ ਵਿਚ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਸ਼੍ਰੋਮਣੀ ਕਮੇਟੀ ਤੇ ਵਜ਼ੀਫ਼ਿਆਂ ਉੱਤੇ ਦਾਖ਼ਲ ਕਰ ਲਿਆ ਗਿਆ। ਇਨ੍ਹਾਂ ਸਭਨਾਂ ਆਪਣੀ ਪੂਰੀ ਸਿਖਲਾਈ ਸਮਾਂ ਪਾ ਕੇ ਮੁਕੰਮਲ ਕੀਤੀ।

ਅੰਬੇਡਕਰ ਚਾਹੁੰਦੇ ਸਨ ਕਿ ਦਲਿਤਾਂ ਵਿਚ ਵਿਦਿਆ ਦੇ ਪ੍ਰਚਾਰ ਲਈ ਇਕ ਅਦਾਰਾ ਕਾਇਮ ਕੀਤਾ ਜਾਵੇ ਅਤੇ ਉਨ੍ਹਾਂ ਦਾ ਅਖ਼ਬਾਰ ਚਲਾਉਣ ਲਈ ਛਾਪੇਖਾਨੇ ਦਾ ਇੰਤਜ਼ਾਮ ਕੀਤਾ ਜਾਵੇ। ਸਰਬਹਿੰਦ ਪ੍ਰਚਾਰ ਮਿਸ਼ਨ ਨਯਾਗਾਉਂ, ਬੰਬਈ ਵਿਚ ਪੰਝੱਤਰ ਹਜ਼ਾਰ ਰੁਪਏ ਦੀ ਜ਼ਮੀਨ ਡਾਕਟਰ ਸਾਹਿਬ ਦੇ ਛਾਪੇਖ਼ਾਨੇ ਵਾਸਤੇ ਉਨ੍ਹਾਂ ਦੇ ਨਾਂਅ ਉੱਤੇ ਹੀ ਖ਼ਰੀਦੀ। ਏਸ ਉੱਤੇ ਛਾਪਾਖ਼ਾਨਾ ਲਾ ਕੇ ਦਿੱਤਾ ਅਤੇ ਉਨ੍ਹਾਂ ਦਾ 'ਜਨਤਾ' ਅਖ਼ਬਾਰ ਉੱਥੋਂ ਛਪਦਾ ਰਿਹਾ। ਅੱਜ ਕੱਲ੍ਹ ਉਸੇ ਜਗ੍ਹਾ ਉੱਤੇ ਗੁਰਦੁਆਰਾ ਸਿੰਘ ਸਭਾ ਹੈ ਅਤੇ ਲੜਕੀਆਂ ਦਾ ਸਕੂਲ ਚੱਲ ਰਿਹਾ ਹੈ। ਅੰਬੇਡਕਰ ਨੂੰ ਪੰਜ ਹਜ਼ਾਰ ਰੁਪਏ ਵਿਦੇਸ਼ ਯਾਤਰਾ ਵਾਸਤੇ ਦਿੱਤੇ ਗਏ। ਉਹ ਜਰਮਨੀ ਗਏ ਅਤੇ ਕਾਲਜ ਵਾਸਤੇ ਇਕ ਬਹੁਤ ਵੱਡੀ ਤਿੰਨ-ਮੰਜ਼ਲੀ ਇਮਾਰਤ ਦਾ ਨਕਸ਼ਾ ਲੈ ਕੇ ਆਏ। ਉਨ੍ਹਾਂ ਦੇ ਹੀ ਨਾਂਅ ਉੱਤੇ ਤਕਰੀਬਨ ਇਕ ਲੱਖ ਅੱਸੀ ਹਜ਼ਾਰ ਦੀ ਜ਼ਮੀਨ ਖ਼ਰੀਦੀ ਗਈ ਅਤੇ ਤੁਰੰਤ ਉਸ ਉੱਤੇ ਉਸਾਰੀ ਦਾ ਕੰਮ ਸ਼ੁਰੂ ਹੋ ਗਿਆ। ਉਸ ਸਸਤੇ ਜ਼ਮਾਨੇ ਵਿਚ ਵੀ ਖ਼ਰਚੇ ਦਾ ਅੰਦਾਜ਼ਾ ਦਸ ਲੱਖ ਰੁਪਏ ਸੀ। ਉਸ ਸਮੇਂ ਬੰਬਈ ਵਿਚ ਦਸ ਵੀ ਸਿੱਖ ਵਿਦਿਆਰਥੀ ਨਹੀਂ ਸਨ ਜੋ ਦਾਖ਼ਲਾ ਲੈ ਸਕਦੇ। ਚਾਲੂ ਹੋਣ ਉਪਰੰਤ ਲਗਾਤਾਰ ਸੱਤ ਸਾਲ ਤੱਕ ਇਹ ਕਾਲਜ ਘਾਟੇ ਵਿਚ ਚਲਦਾ ਰਿਹਾ ਅਤੇ 1942 ਤੱਕ ਏਸ ਵਿਚ ਹਜ਼ਾਰ ਤੋਂ ਘੱਟ ਹੀ ਵਿਦਿਆਰਥੀ ਦਾਖ਼ਲਾ ਲੈਂਦੇ ਰਹੇ।

ਇਨ੍ਹਾਂ ਦਿਨਾਂ ਵਿਚ ਪ੍ਰਚਾਰ ਮਿਸ਼ਨ ਦੇ ਸਕੱਤਰ ਹੈਡਮਾਸਟਰ ਕਿਹਰ ਸਿੰਘ ਨੇ ਅੰਬੇਡਕਰ ਆਦਿ ਨਾਲ ਕਈ ਮੁਲਾਕਾਤਾਂ ਕੀਤੀਆਂ। ਇਕ ਅਹਿਮ ਖ਼ੁਫ਼ੀਆ ਮੁਲਾਕਾਤ ਜਿਸ ਵਿਚ

ਅਛੂਤਾਂ ਦੇ ਸਿੰਘ ਸਜਣ ਸੰਬੰਧੀ ਮੁਕੰਮਲ ਪ੍ਰੋਗਰਾਮ ਉਲੀਕਿਆ ਗਿਆ, ਇਸ ਵਿਚ ਹਿੰਦੂ ਮਹਾਂਸਭਾ ਦੇ ਡਾਕਟਰ ਮੂੰਜੇ, ਸਾਵਰਕਰ, ਅੰਬੇਡਕਰ, ਕੇਂਦਰੀ ਸਰਕਾਰ ਦੇ ਅਛੂਤ ਵਜ਼ੀਰ ਰਾਜਾ ਜੀ ਵੀ ਸ਼ਾਮਿਲ ਹੋਏ। ਪੰਡਤ ਮਦਨ ਮਾਲਵੀਆ ਅਤੇ ਜੁਗਲ ਕਿਸ਼ੋਰ ਬਿਰਲਾ ਦੀ ਵੀ ਸਹਿਮਤੀ ਲੈ ਲਈ ਗਈ। ਏਸ ਕੰਮ ਲਈ ਬਿਰਲੇ ਨੇ ਮਿਸ਼ਨ ਨੂੰ ਪੱਚੀ ਹਜ਼ਾਰ ਰੁਪਿਆ ਵੀ ਭੇਂਟ ਕੀਤਾ। ਹਿੰਦੂ ਮਹਾਂਸਭੀਆਂ ਦਾ ਮੱਤ ਸੀ ਕਿ ਅਛੂਤ ਸਿੱਖ ਬਣ ਕੇ ਭਾਰਤੀ ਸਭਿਅਤਾ ਦੇ ਘੇਰੇ ਵਿਚ ਰਹਿਣਗੇ, ਇਸਾਈ ਜਾਂ ਮੁਸਲਮਾਨ ਬਣ ਕੇ ਪੁਰਾਤਨ ਸਭਿਅਤਾ ਦੇ ਐਨ ਵਿਰੋਧੀ ਹੋ ਜਾਣਗੇ। ਅੰਬੇਡਕਰ ਜਾਣਦੇ ਸਨ ਕਿ ਜੈਨੀਆਂ ਅਤੇ ਬੋਧੀਆਂ ਦਾ ਸਿਆਸੀ ਪ੍ਰਭਾਵ ਨਹੀਂ ਅਤੇ ਉਹ ਤਕਰੀਬਨ ਹਿੰਦੂ ਹੀ ਸਮਝੇ ਜਾਂਦੇ ਹਨ; ਇਸਾਈ ਜਾਂ ਮੁਸਲਮਾਨ ਬਣਨ ਲਈ ਸ਼ਾਇਦ ਸਭ ਨਾ ਮੰਨਦੇ। ਉਸ ਤਰ੍ਹਾਂ ਵੀ ਇਸਾਈ ਮੱਤ ਮੱਧ ਭਾਰਤ ਵਿਚ ਸਿਆਸੀ ਤੌਰ 'ਤੇ ਪ੍ਰਭਾਵਹੀਨ ਹੋ ਰਿਹਾ ਸੀ ਅਤੇ ਮੁਸਲਮਾਨਾਂ ਵਿਚ ਸਮਾਉਣ ਨਾਲ ਅੰਬੇਡਕਰ ਦੀ ਸਿਆਸੀ ਪ੍ਰਤਿਭਾ ਨੂੰ ਠੇਸ ਪਹੁੰਚਦੀ ਸੀ। ਇਕ ਸਮੇਂ ਆਗ਼ਾਖ਼ਾਨ ਅਤੇ ਹੈਦਰਾਬਾਦ ਦੇ ਨਿਜ਼ਾਮ ਨੇ ਉਹਨਾਂ ਨੂੰ ਇਸਲਾਮ ਵੱਲ ਪ੍ਰੇਰਨ ਲਈ ਸੋਨੇ ਦੀਆਂ ਮੁਹਰਾਂ ਦਾ ਭਰਿਆ ਟਰੱਕ ਦੇਣ ਦੀ ਪੇਸ਼ਕਸ਼ ਵੀ ਕੀਤੀ ਸੀ। ਡਾਕਟਰ ਸਾਹਿਬ ਨੂੰ ਹਰ ਪੱਖੋਂ ਸਿੱਖ ਧਰਮ ਹੀ ਸੂਤ ਬਹਿੰਦਾ ਸੀ, ਜਿਸ ਦੇ ਇਕ ਕਰੋੜ ਅਨੁਆਈਆਂ ਨੂੰ ਉਹ ਸਹਿਜੇ ਹੀ ਅੱਠ ਗੁਣਾਂ ਨਵੇਂ ਸਜਣ ਵਾਲਿਆਂ ਵਿਚ ਸਮਾ ਸਕਦੇ ਸਨ। ਖ਼ੈਰ !

ਕਾਲਜ ਦੇ ਕੰਮ ਵਿਚ ਚੁਸਤੀ ਲਿਆਉਣ ਲਈ 22 ਮਾਰਚ 1937 ਨੂੰ ਇਸ ਦੀ ਉਸਾਰੀ ਦਾ ਕੰਮ ਸ੍ਰੀ ਨਨਕਾਣਾ ਸਾਹਿਬ ਕਮੇਟੀ ਨੂੰ ਸੌਂਪਿਆ ਗਿਆ, ਜਿਸ ਕੋਲ ਕਿ ਪੈਸੇ ਦਾ ਯੋਗ ਪ੍ਰਬੰਧ ਸੀ। 20 ਜੂਨ ਨੂੰ ਦਾਖ਼ਲਾ ਖੁੱਲ੍ਹਣਾ ਸੀ ਅਤੇ ਅੰਬੇਡਕਰ ਚਾਹੁੰਦੇ ਸਨ ਕਿ ਕਾਲਜ ਉਦੋਂ ਤੱਕ ਮੁਕੰਮਲ ਹੋ ਜਾਵੇ। ਕਮੇਟੀ ਦੇ ਨੁਮਾਇੰਦਿਆਂ ਸ. ਨਰੈਣ ਸਿੰਘ ਅਤੇ ਸ. ਆਤਮਾ ਸਿੰਘ (ਜੋ ਬਾਅਦ ਵਿਚ ਕਈ ਵਾਰ ਵਜ਼ੀਰ ਬਣੇ) ਨੇ ਜ਼ੋਰ ਸ਼ੋਰ ਨਾਲ ਕੰਮ ਆਰੰਭ ਕਰ ਦਿੱਤਾ। ਕਈ ਵਾਰ ਰਾਤ ਨੂੰ ਦੋ ਦੋ ਵਜੇ ਤੱਕ ਕੰਮ ਚਲਦਾ ਅਤੇ ਪ੍ਰਬੰਧਕ ਕੰਮ ਉੱਤੇ ਖੜ੍ਹੇ ਹੀ ਰੋਟੀ ਖਾਂਦੇ। ਅੰਬੇਡਕਰ ਦੂਜੇ ਤੀਜੇ ਦਿਨ ਆਉਂਦੇ ਅਤੇ ਆਪਣੇ ਸੁਝਾ ਦੇ ਜਾਂਦੇ। ਚਾਲ੍ਹੀ ਕਮਰਿਆਂ ਦੀ ਤਿੰਨ-ਮੰਜ਼ਲੀ ਇਮਾਰਤ ਨੂੰ ਆਖ਼ਰ ਤਿੰਨ ਮਹੀਨਿਆਂ ਵਿਚ ਮੁਕੰਮਲ ਕੀਤਾ ਅਤੇ 20 ਜੂਨ 1937 ਨੂੰ ਦਾਖ਼ਲੇ ਵਾਲੇ ਦਿਨ ਮੇਜ਼ਾਂ ਕੁਰਸੀਆਂ ਆਦਿ ਸਮੇਤ ਤਿਆਰ-ਬਰ-ਤਿਆਰ ਸੀ।

ਇਨ੍ਹਾਂ ਦਿਨਾਂ ਵਿਚ ਹੀ ਕੁਝ ਨਵੀਆਂ ਸੋਚਾਂ ਉਭਰੀਆਂ ਅਤੇ ਘਟਨਾਵਾਂ ਵਾਪਰੀਆਂ, ਜਿਨ੍ਹਾਂ ਨੇ ਡਾ. ਅੰਬੇਡਕਰ ਨੂੰ ਸਿੱਖ ਧਰਮ ਵਲੋਂ ਉਪਰਾਮ ਕਰ ਦਿੱਤਾ। ਪ੍ਰਮੁਖ ਤੌਰ 'ਤੇ ਮੋਹਨ ਦਾਸ ਕਰਮ ਚੰਦ ਗਾਂਧੀ ਅਤੇ ਉਨ੍ਹਾਂ ਦੀ ਕਾਂਗਰਸ ਪਾਰਟੀ ਦੀ ਸਿੱਖ ਵਿਰੋਧੀ ਜ਼ਿਹਨੀਅਤ ਹੀ ਏਸ ਅਚਾਨਕ ਹੋਈ ਤਬਦੀਲੀ ਲਈ ਜ਼ਿੰਮੇਵਾਰ ਸੀ।

ਸਿੱਖ ਆਗੂ ਤੁਰੰਤ ਭਾਂਪ ਗਏ ਕਿ ਗਾਂਧੀ ਅਤੇ ਹੋਰ ਫਿਰਕਾਪ੍ਰਸਤ ਨੇਤਾ ਅਛੂਤਾਂ ਦੇ ਸਿੱਖ ਬਣਨ ਵਿਰੁਧ ਹਨ। ਰੋਕਥਾਮ ਵਜੋਂ ਉਨ੍ਹਾਂ ਮਾਸਟਰ ਸੁਜਾਨ ਸਿੰਘ ਨੂੰ ਗਾਂਧੀ ਨਾਲ ਗੱਲਬਾਤ ਲਈ ਭੇਜਿਆ। ਗਾਂਧੀ ਨੇ ਘੜੀ ਫੜ ਕੇ, ਜਾਂਦਿਆਂ ਹੀ ਉਨ੍ਹਾਂ ਨੂੰ ਕਿਹਾ ਕਿ ਉਹ ਕੇਵਲ ਪੰਜ ਮਿੰਟ ਉਨ੍ਹਾਂ ਨੂੰ ਦੇ ਸਕਦੇ ਹਨ। ਸੁਜਾਨ ਸਿੰਘ ਦੀ ਗਾਂਧੀ ਨਾਲ ਹੇਠ ਲਿਖੇ ਅਨੁਸਾਰ ਗੱਲ

ਹੋਈ :

ਸੁਜਾਨ ਸਿੰਘ : "ਆਪ ਨੂੰ ਅਛੂਤ ਲੋਕਾਂ ਦੇ ਸਿੱਖ ਬਣ ਜਾਣ ਉੱਤੇ ਕੀ ਇਤਰਾਜ਼ ਹੈ?"

ਗਾਂਧੀ : "ਕਿਆ ਸਿੱਖ ਹਿੰਦੂ ਹੈਂ ?"

ਸਿੰਘ : "ਨਹੀਂ"।

ਗਾਂਧੀ : "ਅਗਰ ਸਿੱਖ ਹਿੰਦੂ ਨਹੀਂ ਹੈ ਤੋ ਸਿੱਖ ਔਰ ਮੁਸਲਮਾਨ ਮੇਂ ਕਿਆ ਫਰਕ ਹੈ? ਜਬ ਅਛੂਤੋਂ ਨੇ ਹਿੰਦੂ ਨਹੀਂ ਰਹਿਨਾ ਤੋਂ ਵਹ ਸਿੱਖ ਕਿਉਂ ਬਨੇ, ਮੁਸਲਮਾਨ ਕਿਉਂ ਨਾ ਬਨ ਜਾਏਂ ?"

ਸਿੰਘ : (ਉਨ੍ਹਾਂ ਦੀ ਮਾਸਟਰ ਤਾਰਾ ਸਿੰਘ ਨੂੰ ਲਿਖੀ ਚਿੱਠੀ ਦਾ ਹਵਾਲਾ ਦਿੰਦੇ ਹੋਏ) "ਆਪ ਤੋਂ ਅਪਨੇ ਆਪ ਕੋ ਇੰਡੀਅਨ ਕਹਿਤੇ ਹੈਂ, ਆਪ ਕੋ ਹਿੰਦੂ, ਮੁਸਲਮਾਨ ਮੇਂ ਫਰਕ ਕਿਉਂ ਨਜ਼ਰ ਆਤਾ ਹੈ? ਕੋਈ ਅੰਬੇਡਕਰ ਸਿੱਖ ਬਨੇ, ਮੁਸਲਮਾਨ ਬਨੇ ਯਾ ਹਿੰਦੂ ਰਹੇ ਆਪ ਕੋ ਇਸ ਮੇਂ ਫਰਕ ਕਿਉਂ ਨਜ਼ਰ ਪੜਤਾ ਹੈ?"

ਗਾਂਧੀ : (ਛਿੱਥੇ ਪੈ ਕੇ) "ਸਰਦਾਰ ਸਾਹਿਬ ਮੇਰੇ ਪਾਸ ਔਰ ਵਕਤ ਨਹੀਂ।"

ਸਿੰਘ : (ਉਠਦੇ ਹੋਏ) "ਆਪ ਹਿਪੌਕ੍ਰਿਟ (ਪਾਖੰਡੀ) ਹੈਂ।"

ਗਾਂਧੀ ਅਤੇ ਕੁਝ ਕੁ ਫਿਰਕਾਪ੍ਰਸਤ ਆਗੂਆਂ ਨੇ ਅੰਬੇਡਕਰ ਦੇ ਆਲੇ ਦੁਆਲੇ ਦੇ ਅਛੂਤ ਆਗੂਆਂ ਉੱਤੇ ਉਨ੍ਹਾਂ ਨੂੰ ਅੰਬੇਡਕਰ ਨਾਲੋਂ ਨਾਤਾ ਤੋੜਨ ਦੀ ਕੁਚੇਸ਼ਟਾ ਅਧੀਨ ਡੋਰੇ ਪਾਉਣੇ ਸ਼ੁਰੂ ਕਰ ਦਿੱਤੇ। ਅਜਿਹੇ ਸੰਕੇਤ ਵੀ ਮਿਲਦੇ ਹਨ ਕਿ ਸ਼ਾਇਦ ਅੰਬੇਡਕਰ ਦੀ ਗੁੱਝੀ ਸਹਿਮਤੀ ਨਾਲ ਹੀ ਤਾਣਾ ਬਾਣਾ ਬੁਣਿਆ ਗਿਆ। ਉਨ੍ਹਾਂ ਨੂੰ ਵਿਸ਼ਵਾਸ਼ ਦੁਆਇਆ ਗਿਆ ਕਿ ਹਿੰਦੂ ਸਮਾਜ ਦੇ ਅੰਦਰ ਅਛੂਤਾਂ ਦਾ ਦਰਜਾ ਉਚਾ ਕੀਤਾ ਜਾਵੇਗਾ ਅਤੇ ਨੌਕਰੀਆਂ ਆਦਿ ਵਿਚ ਯੋਗ ਸਥਾਨ ਦਿੱਤਾ ਜਾਵੇਗਾ। ਜਾਪਦਾ ਇਉਂ ਹੈ ਕਿ ਅਕਾਲੀ ਆਗੂਆਂ ਵਾਂਗ ਉਹ ਵੀ ਕਾਂਗਰਸੀ ਆਗੂਆਂ ਦੇ ਲਾਰਿਆਂ ਉੱਤੇ ਭਰਮ ਗਏ। ਵਾਅਦਿਆਂ ਦੇ ਖੋਖਲੇ ਹੋਣ ਅਤੇ ਨਾਕਾਫ਼ੀ ਹੋਣ ਬਾਰੇ ਚਾਨਣ ਤਾਂ ਉਨ੍ਹਾਂ ਨੂੰ ਵੀ 1950 ਤੋਂ ਬਾਅਦ ਹੀ ਹੋਇਆ, ਉਸ ਸਮੇਂ ਵੇਲਾ ਵਿਹਾ ਚੁੱਕਿਆ ਸੀ। ਉਨ੍ਹਾਂ ਦਾ ਸਿੱਖ ਧਰਮ ਵਿਚ ਪ੍ਰਵੇਸ਼ ਅਸੰਭਵ ਸੀ, ਹੁਣ ਉਹ ਹਿੰਦੂ ਧਰਮ ਵਿਚ ਨਾ ਮਰਨ ਦੇ ਸੰਕਲਪ ਨੂੰ ਕੇਵਲ ਬੋਧੀ ਜਾਂ ਜੈਨੀ ਬਣ ਕੇ ਹੀ ਨਿਭਾ ਸਕਦੇ ਸਨ। ਆਖ਼ਰ ਉਨ੍ਹਾਂ ਕੋਲ ਆਪਣੇ ਲੋਕਾਂ ਨੂੰ ਹਿੰਦੂ ਸ਼ਾਸਤਰਾਂ ਦੇ ਪ੍ਰਭਾਵ ਤੋਂ ਬਚਾਉਣ ਲਈ ਇਕੋ ਇਕ ਰਾਹ 'ਬੁੱਧਮ ਸ਼ਰਣਮ ਗਛਾਮੀ' ਹੀ ਰਹਿ ਗਿਆ ਸੀ ਅਤੇ ਹੁਣ ਬੜੀ ਇਮਾਨਦਾਰੀ ਨਾਲ ਉਹ ਏਸ ਰਾਹੇ ਪੈ ਗਏ।

ਮਈ ਦੇ ਮਹੀਨੇ ਡਾ. ਅੰਬੇਡਕਰ ਨੂੰ ਕੁਝ ਉਲਝਣਾਂ ਵਿਚ ਮਹਿਸੂਸ ਕੀਤਾ ਗਿਆ। 23 ਮਈ 1937 ਨੂੰ ਬਾਵਾ ਹਰਕਿਸ਼ਨ ਸਿੰਘ, ਪ੍ਰਿੰਸੀਪਲ ਕਸ਼ਮੀਰਾ ਸਿੰਘ, ਮਾਸਟਰ ਸੁਜਾਨ ਸਿੰਘ, ਈਸ਼ਰ ਸਿੰਘ ਮਝੈਲ ਤੇ ਤੇਜਾ ਸਿੰਘ ਅੱਕਰਪੁਰੀ, ਪੰਜਾਬ ਤੋਂ ਬੰਬਈ ਡਾ.ਅੰਬੇਡਕਰ ਨਾਲ ਫ਼ੈਸਲਾਕੁਨ ਗੱਲਬਾਤ ਲਈ ਪਹੁੰਚੇ। ਉਨ੍ਹਾਂ ਨੂੰ ਏਸ ਵਫ਼ਦ ਦੇ ਆਉਣ ਦੇ ਅਗਾਊਂ ਪਤਾ ਲਗ ਚੁੱਕਾ ਸੀ ਅਤੇ ਉਹ ਅਚਾਨਕ ਗਰਮੀ ਦੀਆਂ ਛੁੱਟੀਆਂ ਬਿਤਾਉਣ

ਨੂੰ ਪੁੱਛਿਆ ਕਿ ਕੀ ਉਨ੍ਹਾਂ ਕੋਈ ਫ਼ੈਸਲਾ ਕਰ ਲਿਆ ਹੈ, ਕੀ ਉਹ ਫ਼ੈਸਲਾ ਕਰਨ ਲਈ ਹੋਰ ਸਮਾਂ ਚਾਹੁੰਦੇ ਹਨ ਜਾਂ ਉਹ ਹਾਲ ਦੀ ਘੜੀ ਫ਼ੈਸਲਾ ਗੁਪਤ ਰੱਖਣਾ ਚਾਹੁੰਦੇ ਹਨ। ਡਾ.ਅੰਬੇਡਕਰ ਦਾ ਜੁਆਬ ਸੀ ਕਿ ਉਨ੍ਹਾਂ ਕੋਈ ਫ਼ੈਸਲਾ ਨਹੀਂ ਕੀਤਾ ਅਤੇ ਹੁਣ ਸ਼ਾਇਦ ਉਹ ਕੋਈ ਫ਼ੈਸਲਾ ਕਰ ਵੀ ਨਹੀਂ ਸਕਦੇ। ਉਨ੍ਹਾਂ ਦੱਸਿਆ ਕਿ ਹਿੰਦੂ ਆਗੂਆਂ ਨੇ ਉਨ੍ਹਾਂ ਨਾਲੋਂ ਉਨ੍ਹਾਂ ਦੇ ਸਾਰੇ ਸਹਿਯੋਗੀਆਂ ਨੂੰ ਪਾੜ ਲਿਆ ਹੈ, ਹੁਣ ਉਹ ਕੱਲਮ ਕੱਲੇ ਰਹਿ ਗਏ ਹਨ।

ਇਨ੍ਹੀਂ ਦਿਨੀਂ ਫਿਰਕਾਪ੍ਰਸਤ ਕਾਂਗਰਸੀ ਆਗੂਆਂ ਨੇ ਧੂੰਆਂਧਾਰ ਪ੍ਰਚਾਰ ਕੀਤਾ ਕਿ ਅਛੂਤ ਹਿੰਦੂ ਸਮਾਜ ਦਾ ਹੀ ਪਛੜਿਆ ਹਿੱਸਾ ਹਨ। ਉੱਨਤ ਕਰ ਕੇ ਬਰਾਬਰ ਲੈ ਆਉਣ ਤੱਕ ਇਨ੍ਹਾਂ ਨੂੰ ਵਿਸ਼ੇਸ਼ ਰਿਆਇਤਾਂ ਦੇਣੀਆਂ ਬਣਦੀਆਂ ਹਨ। ਇਸ ਮੰਗ ਉਤੇ ਦਬਾ ਪਾਉਣ ਲਈ ਮੋਹਨਦਾਸ ਕਰਮ ਚੰਦ ਗਾਂਧੀ ਨੇ ਮਰਨ ਵਰਤ ਰੱਖ ਲਿਆ ਜੋ ਕਿ ਤਿੰਨ ਹਫ਼ਤੇ ਜਾਰੀ ਰਿਹਾ। ਆਖ਼ਰ ਰਾਜਾ ਜੀ ਅਤੇ ਪੰਡਤ ਮਦਨ ਮੋਹਨ ਮਾਲਵੀਆ, ਜੋ ਉਸ ਵੇਲੇ ਸੈਂਟਰਲ ਕੈਬਨਿਟ ਦੇ ਮੈਂਬਰ ਸਨ, ਦੇ ਯਤਨਾਂ ਨਾਲ ਅਛੂਤਾਂ ਨੂੰ ਪਛੜੇ ਹਿੰਦੂ ਮੰਨ ਕੇ ਉਨ੍ਹਾਂ ਲਈ ਦੇਸ਼ ਦੇ ਰਾਜਸੀ ਜੀਵਨ ਅੰਦਰ ਵਿਸ਼ੇਸ਼ ਅਸਾਮੀਆਂ ਸੁਰੱਖਿਅਤ ਕੀਤੀਆਂ ਜਾਣ ਦਾ ਐਲਾਨ ਸਰਕਾਰ ਵਲੋਂ ਕਰਵਾਇਆ ਗਿਆ। ਇਉਂ ਡਾ. ਅੰਬੇਡਕਰ ਨੂੰ ਚਾਰੇ ਪਾਸਿਉਂ ਘੇਰ ਕੇ ਹਿੰਦੂ ਧਰਮ ਨੂੰ ਨਾ ਛੱਡਣ ਲਈ ਮਜ਼ਬੂਰ ਕੀਤਾ ਗਿਆ।

ਇਸ ਕੌਤਕ ਸੰਬੰਧੀ ਸਿਰਦਾਰ ਕਪੂਰ ਸਿੰਘ, ਮਾਸਟਰ ਤਾਰਾ ਸਿੰਘ ਅਤੇ ਬਾਵਾ ਹਰਕਿਸ਼ਨ ਸਿੰਘ ਵੀ ਆਪਣੇ ਵਿਚਾਰ ਪ੍ਰਗਟ ਕਰ ਚੁੱਕੇ ਹਨ। ਉਪਰੋਕਤ ਤੱਥਾਂ ਤੋਂ ਜਾਣੂ ਸ.ਨਰੈਣ ਸਿੰਘ ਅਤੇ ਸ.ਆਤਮਾ ਸਿੰਘ ਸਾਬਕਾ ਮਾਲ ਮੰਤਰੀ ਖੁਸ਼ਕਿਸਮਤੀ ਨਾਲ ਅਜੇ ਜਿਉਂਦੇ ਹਨ। ਨਰੈਣ ਸਿੰਘ ਇਕ ਕਿਤਾਬਚੇ ਵਿਚ ਤਕਰੀਬਨ ਇਹ ਸਾਰੀਆਂ ਗੱਲਾਂ ਲਿਖ ਚੁੱਕੇ ਹਨ। ਸਭ ਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਸਿੱਖ ਰਹਿਤ ਪੱਖੋਂ ਢਿੱਲੇ ਪਟਿਆਲੇ ਦੇ ਮਹਾਰਾਜਾ ਭੁਪਿੰਦਰ ਸਿੰਘ ਨੇ ਵੀ ਇੱਕ ਸਮੇਂ ਅਛੂਤਾਂ ਦੇ ਸਿੰਘ ਸਜਣ ਦੀ ਕਨਸੋਅ ਸੁਣ ਕੇ ਡਾ.ਅੰਬੇਡਕਰ ਨੂੰ ਅਥਾਹ ਧਨ ਪ੍ਰਚਾਰ ਲਈ ਦੇਣ ਦੀ ਪੇਸ਼ਕਸ਼ ਕੀਤੀ ਸੀ ਅਤੇ ਆਪਣੀ ਲੜਕੀ ਦਾ ਰਿਸ਼ਤਾ ਕਰਨ ਦੀ ਵੀ ਹਾਮੀ ਭਰੀ ਸੀ। ਉਨ੍ਹਾਂ ਨੂੰ ਬਰਾਬਰ ਦਾ ਦਰਜਾ ਨਾ ਦੇਣ ਦੀ ਅਫ਼ਵਾਹ ਤਾਂ ਉਕਾ ਹੀ ਤਕਰਹੀਣ ਅਤੇ ਬੇਬੁਨਿਆਦ ਹੈ। ਅੱਠ ਕਰੋੜ ਨਵੇਂ ਸਜੇ ਸਿੰਘਾਂ ਨੂੰ ਕੌਣ ਕੋਈ ਦਰਜਾ ਦੇ ਸਕਦਾ ਸੀ! ਸਗੋਂ ਉਨ੍ਹਾਂ ਤੈਅ ਕਰਨਾ ਸੀ ਕਿ ਪਹਿਲਾਂ ਤੋਂ ਚਲੇ ਆ ਰਹੇ ਤਕਰੀਬਨ ਇਕ ਕਰੋੜ ਸਿੱਖਾਂ ਦਾ ਸਿੱਖ ਸਮਾਜ ਵਿਚ ਕੀ ਦਰਜਾ ਹੋਣਾ ਸੀ।

ਸਿੱਖ ਆਗੂਆਂ ਨੇ ਕਈ ਅਜਿਹੀਆਂ ਗ਼ਲਤੀਆਂ ਕੀਤੀਆਂ ਹਨ ਜਿਨ੍ਹਾਂ ਲਈ ਉਹ ਭੰਡੇ ਜਾਣ ਦੇ ਹੱਕਦਾਰ ਹਨ। ਪਰ ਏਸ ਮਾਮਲੇ ਵਿਚ ਉਨ੍ਹਾਂ ਨਾ ਕੋਈ ਕੁਤਾਹੀ ਕੀਤੀ ਅਤੇ ਨਾ ਕੋਈ ਅਵੇਸਲਾਪਨ ਦਿਖਾਇਆ। ਪੁਰਾਣੇ ਮੁਰਦੇ ਪੁੱਟਣ ਦੀ ਥਾਂ ਹੁਣ ਦਲਿਤ ਵੀਰਾਂ ਦਾ ਧਿਆਨ ਅੰਬੇਡਕਰ ਕੋਲੋਂ ਕਰਵਾਈ ਗ਼ਲਤੀ ਵਲ ਦਿਵਾਉਂਦਿਆਂ ਹੋਇਆਂ ਉਸ ਦੀ ਦਰੁਸਤੀ ਕਰਨ ਵਲ ਕੇਂਦ੍ਰਿਤ ਕਰਨਾ ਚਾਹੀਦਾ ਹੈ।

# ਸਰਗਰਮੀਆਂ

## ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਤੇ ਸਿੱਖ ਚਿੰਤਕ ਦੀ ਮੀਟਿੰਗ

ਸਿੱਖ ਕੌਮ ਦੇ ਉੱਘੇ ਚਿੰਤਕਾਂ, ਲੇਖਕਾਂ ਨੇ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਵਲੋਂ ਕੀਤੀ ਜਾ ਰਹੀ ਗੁਰਮਤਿ ਪ੍ਰਚਾਰ ਦੀ ਸੇਵਾ ਦੀ ਭਰਪੂਰ ਸ਼ਲਾਘਾ ਕਰਦਿਆਂ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਨੂੰ ਪੂਰਾ ਸਹਿਯੋਗ ਦੇਣ ਦਾ ਐਲਾਨ ਕੀਤਾ । ਗੁਰਦੁਆਰਾ ਦਮਦਮਾ ਅਸਥਾਨ ਜੋਧਾਂ ਮਨਸੂਰਾਂ (ਲੁਧਿਆਣਾ) ਵਿਖੇ ਹੋਈ ਮੀਟਿੰਗ ਜਿਸ ਦੀ ਪ੍ਰਧਾਨਗੀ ਸੰਤ ਸਮਾਜ ਦੇ ਪ੍ਰਧਾਨ ਬਾਬਾ ਸਰਬਜੋਤ ਸਿੰਘ ਜੀ ਬੇਦੀ ਨੇ ਕੀਤੀ, ਵਿਚ ਕਈ ਅਹਿਮ ਫੈਸਲੇ ਕੀਤੇ ਗਏ ।

ਇਸ ਸਮੇਂ ਮੀਟਿੰਗ ਵਿਚ ਬਾਬਾ ਸਰਬਜੋਤ ਸਿੰਘ ਜੀ ਬੇਦੀ ਤੋਂ ਇਲਾਵਾ, ਬਾਬਾ ਪਰਮਜੀਤ ਸਿੰਘ ਜੀ ਮਾਹਿਲਪੁਰ, ਸੰਤ ਅਵਤਾਰ ਸਿੰਘ ਜੀ ਬੱਧਨੀ ਕਲਾਂ, ਡਾ:ਰਤਨ ਸਿੰਘ ਜੱਗੀ, ਪ੍ਰੋ:ਸੁਖਦਿਆਲ ਸਿੰਘ ਹਿਸਟੋਰੀਅਨ, ਪ੍ਰੋ: ਬਲਵਿੰਦਰ ਪਾਲ ਸਿੰਘ ਨਕੋਦਰ, ਡਾ: ਹਿੰਮਤ ਸਿੰਘ ਪਟਿਆਲਾ, ਡਾ: ਮੇਵਾ ਸਿੰਘ ਸਿੱਧੂ ਪਟਿਆਲਾ, ਡਾ: ਪਰਮਜੀਤ ਸਿੰਘ ਗੋਰਾਇਆਂ (ਪਟਿਆਲਾ), ਪ੍ਰੋ: ਸੁਰਜੀਤ ਸਿੰਘ ਪਟਿਆਲਾ, ਡਾ: ਗੁਰਮੁਖ ਸਿੰਘ ਪਟਿਆਲਾ, ਪ੍ਰੋ: ਹਿੰਮਤ ਸਿੰਘ ਸੋਢੀ, ਡਾ: ਹਰਮਿੰਦਰ ਸਿੰਘ ਬੇਦੀ ਅੰਮ੍ਰਿਤਸਰ, ਡਾ: ਜਸਬੀਰ ਸਿੰਘ ਸਾਬਰ, ਡਾ: ਜਤਿੰਦਰਪਾਲ ਸਿੰਘ ਜੌਲੀ, ਭਾਈ ਬਲਦੇਵ ਸਿੰਘ ਬੰਬੀਹਾ, ਪ੍ਰਿੰਸੀਪਲ ਹਰਸਿਮਰਨ ਸਿੰਘ, ਪ੍ਰਿੰਸੀਪਲ ਰਾਮ ਸਿੰਘ ਕੁਲਾਰ ਅਤੇ ਸ: ਸਰੂਪ ਸਿੰਘ ਅਲੱਗ ਨੇ ਹਿੱਸਾ ਲਿਆ ।

ਇਸ ਸਮੇਂ ਸਿੱਖ ਚਿੰਤਕਾਂ ਨੂੰ ਸੰਤ ਸਮਾਜ ਵਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸੰਤ ਸਮਾਜ ਦੀ ਧਾਰਮਿਕ ਲਹਿਰ ਸਿੱਖ ਕੌਮ ਨੂੰ 1999 ਤੱਕ ਖ਼ਾਲਸਈ ਚੇਤਨਾ ਨਾਲ ਜੋੜ ਦੇਵੇਗੀ ।

ਪ੍ਰਿੰਸੀਪਲ ਰਾਮ ਸਿੰਘ ਕੁਲਾਰ ਅਤੇ ਡਾ: ਰਤਨ ਸਿੰਘ ਜੱਗੀ ਨੇ ਸੰਤ ਸਮਾਜ ਬਾਰੇ ਕਿਹਾ ਕਿ ਇਹ ਜੋ ਕੌਮ ਨੂੰ ਖ਼ਾਲਸਈ ਚੇਤਨਾ ਨਾਲ ਜੋੜਨ ਦੇ ਜੋ ਉਪਰਾਲੇ ਕਰ ਰਹੇ ਹਨ, ਉਸ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ ਥੋੜ੍ਹੀ ਹੈ । ਪ੍ਰੋ: ਸੁਖਦਿਆਲ ਸਿੰਘ, ਡਾ: ਪਰਮਜੀਤ ਸਿੰਘ ਗੋਰਾਇਆਂ, ਪ੍ਰੋ: ਹਿੰਮਤ ਸਿੰਘ ਸੋਢੀ, ਸਰਦਾਰ ਸਰੂਪ ਸਿੰਘ ਅਲੱਗ. ਡਾ. ਹਰਮਿੰਦਰ ਸਿੰਘ ਬੇਦੀ, ਡਾ. ਹਿੰਮਤ ਸਿੰਘ ਪਟਿਆਲਾ, ਡਾ. ਜਸਬੀਰ ਸਿੰਘ ਸਾਬਰ, ਡਾ. ਗੁਰਮੁਖ ਸਿੰਘ ਪਟਿਆਲਾ,ਅਤੇ ਡਾ. ਜਤਿੰਦਰ ਪਾਲ ਸਿੰਘ ਜੌਲੀ ਨੇ ਸਿੱਖ ਸਕੂਲ, ਖ਼ਾਲਸਾ ਯੂਨੀਵਰਸਿਟੀ ਖੋਲ੍ਹਣ ਧਰਮ ਪ੍ਰਚਾਰ ਲਈ ਲਾਗਤ ਮੁੱਲਾਂ ਤੇ ਪੈਂਫਲਿਟ ਵੰਡਣ ਅਤੇ ਇਕ ਤਿਮਾਹੀ ਗੁਰਮਤਿ ਮੈਗਜ਼ੀਨ ਚਲਾਉਣ ਤੇ ਬਲ ਦਿੱਤਾ । ਡਾ: ਮੇਵਾ ਸਿੰਘ ਸਿੱਧੂ, ਪ੍ਰਿੰਸੀਪਲ ਹਰਸਿਮਰਨ ਸਿੰਘ ਅਤੇ ਪ੍ਰੋ: ਬਲਵਿੰਦਰ ਪਾਲ ਸਿੰਘ ਨੇ ਪੰਥ ਨੂੰ ਚੜ੍ਹਦੀਆਂ ਕਲਾਵਾਂ ਵਲ ਲਿਜਾਉਣ ਲਈ ਸੰਤ ਸਮਾਜ ਅਤੇ ਸ਼੍ਰੋਮਣੀ ਗੁਰਦੁਆਰ ਪ੍ਰਬੰਧਕ ਕਮੇਟੀ ਦੀ ਏਕਤਾ ਤੇ ਬਲ ਦਿੱਤਾ ਅਤੇ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਵਲੋਂ ਚਲਾ ਜਾ ਰਹੇ ਖਾਲਸਈ ਮਿਸ਼ਨ ਦੀ ਸ਼ਲਾਘਾ ਕੀਤੀ ।

ਭਾਈ ਬਲਦੇਵ ਸਿੰਘ ਬੰਬੀਹਾ ਨੇ ਸਿੱਖ ਧਰਮ ਨੂੰ ਅੱਕੜਾਂ, ਪਤਿਤਪੁਣੇ ਤੇ ਬਿਪਰਨ ਦੀਆਂ
ਤੋਂ ਬਚਾਉਣ ਲਈ ਬਹੁਜਨ ਅਤੇ ਸਿੱਖ ਸਮਾਜ ਦੀ ਏਕਤਾ ਦੇ ਉੱਦਮ ਕਰਨ ਤੇ ਬਲ ਦਿੱਤਾ । ਇ
ਵਿਚ ਇਹ ਵੀ ਐਲਾਨ ਕੀਤਾ ਗਿਆ ਕਿ ਸਿੱਖ ਕੌਮ ਨੂੰ ਪਤਿਤਪੁਣੇ ਤੋਂ ਬਚਾਉਣ ਲਈ ਸਿੱਖ
ਸਥਾਪਨਾ ਕੀਤੀ ਜਾਵੇਗੀ ਜੋ ਕਿ ਕੌਮ ਦੀ ਨੌਜਵਾਨ ਪੀੜ੍ਹੀ ਨੂੰ ਉਸਾਰੂ ਪਾਸੇ ਲੈ ਕੇ ਜਾਵੇਗਾ । ਮੀਟਿ
ਇਹ ਵੀ ਫੈਸਲਾ ਕੀਤਾ ਗਿਆ ਕਿ ਸੰਗਤਾਂ ਨੂੰ ਗੁਰਮਤਿ ਸਾਹਿਤ ਪੜ੍ਹਨ ਦੀ ਰੁਚੀ ਨਾਲ ਜੋੜਨ ਵਾਸਤੇ ਗੁ
ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਵਿਚ ਟ੍ਰੈਕਟ ਛਾਪੇ ਜਾਣਗੇ ਅਤੇ
ਤ੍ਰੈ-ਮਾਸਿਕ ਪੱਤ੍ਰਿਕਾ "ਗੁਰਮਤਿ ਸੰਦੇਸ਼" ਜਲਦੀ ਰਲੀਜ਼ ਕੀਤੀ ਜਾਵੇਗੀ । ਇਸ ਸਮੇਂ ਸਿੱਖ ਚਿੰਤ
ਇਕ ਮੱਤ ਹੋ ਕੇ ਸੰਤ ਸਮਾਜ ਦੀ ਅਗਵਾਈ ਹੇਠ ਪੰਥ ਨੂੰ ਚੜ੍ਹਦੀਆਂ ਕਲਾਵਾਂ ਵਲ ਲਿਜਾਉਣ ਲਈ
ਜਾ ਰਹੇ ਉਪਰਾਲਿਆਂ ਨੂੰ ਪੂਰਾ ਸਮਰਥਨ ਦੇਣ ਦਾ ਐਲਾਨ ਕੀਤਾ ।

ਰਿਪੋਰ

ਅਜੂਨੀ ਮਾਸਿਕ ਜੂਨ-ਜੁਲਾਈ-1995 ਰਜਿਸਟਰੇਸ਼ਨ ਨੰ.
58207/35-PV[illegible]C 87

